
# ਪਿਆਰੇ ਵਿਦਿਆਰਥੀਓ!!



7ਵੀਂ ਜਮਾਤ ਦੀ ਇਸ ਈ-ਬੁੱਕ ਵਿਚ ਕੰਪਿਊਟਰ ਸਾਇੰਸ ਦੇ ਨਵੇਂ ਸਿਲੇਬਸ (2024-25) ਅਨੁਸਾਰ ਤੁਹਾਨੂੰ ਸਟਡੀ ਮਟੀਰੀਅਲ ਭੇਜਿਆ ਜਾ ਰਿਹਾ ਹੈ। ਤੁਸੀਂ ਆਪਣੇ ਟੈਸਟ/ਪੇਪਰਾਂ ਦੀ ਤਿਆਰੀ ਇਹਨਾਂ ਨੋਟਸਾਂ ਨੂੰ ਪੜ੍ਹਦੇ ਹੋਏ ਅਤੇ ਹੇਠਾਂ ਦਿਤੇ ਵਿਡੀਓ ਲੈਕਚਰਾਂ ਨੂੰ ਦੇਖਦੇ ਹੋਏ ਬੜੀ ਆਸਾਨੀ ਨਾਲ ਕਰ ਸਕਦੇ ਹੋ। ਨਿੱਚੇ ਨਿੱਲੇ ਰੰਗ ਵਿਚ ਵਿਡੀਓ ਲੈਕਚਰਾਂ ਦੇ ਲਿੰਕ ਦਿਤੇ ਗਏ ਹਨ, ਜਿਨ੍ਹਾਂ ਉਪਰ ਕਲਿੱਕ ਕਰਕੇ ਤੁਸੀਂ ਸੰਬੰਧਤ ਪਾਠ ਦਾ ਵਿਡੀਓ ਲੈਕਚਰ ਦੇਖਦੇ ਹੋਏ ਉਸ ਪਾਠ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ।

## 7ਵੀਂ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਿਲੇਬਸ ਦੀ ਮਹੀਨਾਵਾਰ ਵੰਡ ਅਤੇ ਵਿਡੀਓ ਲੈਕਚਰਜ਼ ਦੇ ਲਿੰਕ

| ਮਹੀਨਾ | ਪਾਠ ਅਤੇ ਉਸਦਾ ਨਾਂ | ਵਿਡੀਓ ਲੈਕਚਰ ਦਾ ਲਿੰਕ |
|---|---|---|
| ਅਪ੍ਰੈਲ | ਪਾਠ-1 ਟਾਈਪਿੰਗ ਟਿਊਟਰ | https://youtu.be/GUFCpc_x-DA |
| ਮਈ | ਪਾਠ-2 ਵਿੰਡੋਜ਼ ਐਕਸਪਲੋਰਰ | https://youtu.be/0E3I0GFbMJs |
| ਜੁਲਾਈ | ਪਾਠ-3 ਮਾਈਕਰੋਸਾਫਟ ਵਰਡ (ਭਾਗ-1) | |
| ਅਗਸਤ | ਪਾਠ-4 ਮਾਈਕਰੋਸਾਫਟ ਵਰਡ (ਭਾਗ-2) | https://youtu.be/vvQwkvhAXPI |
| ਅਕਤੂਬਰ | ਪਾਠ-5 ਮਾਈਕਰੋਸਾਫਟ ਵਰਡ (ਭਾਗ-3) | https://youtu.be/OWBofDDSpH0 |
| ਨਵੰਬਰ | ਪਾਠ-6 ਮਾਈਕਰੋਸਾਫਟ ਵਰਡ (ਭਾਗ-4) | https://youtu.be/1s5-qjor608 |
| ਦਸੰਬਰ | ਪਾਠ-7 ਮਲਟੀਮੀਡੀਆ ਨਾਲ ਜਾਣ ਪਛਾਣ | |
| ਜਨਵਰੀ | ਪਾਠ-8 ਸਟੋਰੇਜ਼ ਡਿਵਾਇਿਸਜ਼ | https://youtu.be/HcGdrY9BQiE |

**ਪ੍ਰੈਕਟੀਕਲ ਨਾਲ ਸੰਬੰਧਤ ਵਿਡੀਓ ਲੈਕਚਰਜ਼:**

| | |
|---|---|
| ਵਿੰਡੋਜ਼ ਐਕਸਪਲੋਰਰ | https://youtu.be/XgaC4GRhOgs |

**PLEASE DO NOT FORGET TO LIKE, SHARE AND SUBSCRIBE OUR YOUTUBE CHANNEL**

YouTube **http://youtube.com/c/computersciencepunjab**

ਤਿਆਰ ਕਰਤਾ:
ਵਿਕਾਸ ਕਾਂਸਲ ਅਤੇ ਸੁਖਵਿੰਦਰ ਸਿੰਘ
ਕੰਪਿਊਟਰ ਫੈਕਲਟੀ, ਸ਼ਹੀਦ ਉਧਮ ਸਿੰਘ ਸਰਕਾਰੀ (ਕੰ) ਸੀ. ਸੈ. ਸਕੂਲ, ਸੁਨਾਮ ਉਧਮ ਸਿੰਘ ਵਾਲਾ (ਸੰਗਰੂਰ)

**6ਵੀਂ ਤੋਂ 12ਵੀਂ ਕਿਸੇ ਵੀ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਟਡੀ ਮਟੀਰੀਅਲ/ਈ-ਬੁੱਕਸ/ਈ-ਕੰਟੈਂਟਸ (ਪੰਜਾਬੀ/ਅੰਗਰੇਜ਼ੀ ਮਾਧਿਅਮ ਵਿਚ) ਡਾਊਨਲੋਡ ਕਰਨ ਲਈ ਹੇਠਾਂ ਦਿਤੇ ਲਿੰਕ ਦੀ ਵਰਤੋਂ ਕਰੋ ਜੀ:**

**http://cspunjab.nirmancampus.co.in/study.php**

## ਪਾਠ-1
## ਟਾਈਪਿੰਗ ਟਿਊਟਰ

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

1. ਨੰਬਰ ਪੈਡ ਦੀ ਵਰਤੋਂ ਲਈ _______ ਕੀਅ ON ਹੋਣੀ ਚਾਹੀਦੀ ਹੈ।
   (ੳ) Num Lock (ਅ) Caps Lock (ੲ) Scroll Lock (ਸ) ਉਪਰੋਕਤ ਵਿਚੋਂ ਕੋਈ ਨਹੀਂ
2. ਹੋਮ ਰੋਅ ਵਿਚ ਖੱਬੇ ਹੱਥ ਦੀ ਸਭ ਤੋਂ ਛੋਟੀ ਉਂਗਲੀ ਨਾਲ _______ ਕੀਅ ਦਬਾਈ ਜਾਂਦੀ ਹੈ।
   (ੳ) A (ਅ) S (ੲ) D (ਸ) F
3. ਹੋਮ ਰੋਅ ਵਿਚ ਸੱਜੇ ਹੱਥ ਦੀ ਮੱਦ/ਵਿਚਲੀ ਉਂਗਲੀ ਨਾਲ _______ ਕੀਅ ਦਬਾਈ ਜਾਂਦੀ ਹੈ।
   (ੳ) J (ਅ) K (ੲ) L (ਸ) ;
4. ਦੂਜੀ ਰੋਅ ਵਿਚ ਖੱਬੇ ਹੱਥ ਦੀ ਰਿੰਗ ਉਂਗਲੀ ਨਾਲ _______ ਕੀਅ ਦਬਾਈ ਜਾਂਦੀ ਹੈ।
   (ੳ) Q (ਅ) W (ੲ) E (ਸ) R
5. ਤੀਜੀ ਰੋਅ ਵਿਚ ਸੱਜੇ ਹੱਥ ਦੀ ਇੰਡੈਕਸ ਉਂਗਲੀ ਨਾਲ _______ ਕੀਅ ਦਬਾਈ ਜਾਂਦੀ ਹੈ।
   (ੳ) B (ਅ) N (ੲ) M (ਸ) M ਅਤੇ N

**ਪ੍ਰਸ਼ਨ:2 ਖਾਲੀ ਥਾਵਾਂ ਭਰੋ।**

1. ਟਾਈਪਿੰਗ ਕਰਨ ਲਈ ਕੀਅ ਬੋਰਡ ਨੂੰ ______________ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।
2. ਕੀਅ ਬੋਰਡ ਨੂੰ ਬਿਨਾਂ ਦੇਖੇ ਟਾਈਪ ਕਰਨ ਦੀ ਤਕਨੀਕ ਨੂੰ _________ ਕਿਹਾ ਜਾਂਦਾ ਹੈ।
3. ਟਾਈਪਿੰਗ ਕਰਦੇ ਸਮੇਂ ਸਪੇਸ ਬਾਰ ਨੂੰ __________ ਨਾਲ ਦਬਾਇਆ ਜਾਂਦਾ ਹੈ।
4. ਟਾਈਪਿੰਗ ਕਰਦੇ ਹੋਏ ਨਵੀਂ ਲਾਈਨ ਵਿੱਚ ਜਾਣ ਲਈ _________ ਕੀਅ ਦੀ ਵਰਤੋਂ ਕੀਤੀ ਜਾਂਦੀ ਹੈ

ਉੱਤਰ: I. ਦੋ II. ਟੱਚ ਟਾਈਪਿੰਗ III. ਅੰਗੂਠੇ IV. ਐਂਟਰ

**ਪ੍ਰਸ਼ਨ:3 ਛੋਟੇ ਉਤਰਾਂ ਵਾਲੇ ਪ੍ਰਸ਼ਨ।**

**ਪ੍ਰ:1 ਟੱਚ ਟਾਈਪਿੰਗ ਕੀ ਹੈ?**

ਉ: ਟੱਚ ਟਾਈਪਿੰਗ ਇੱਕ ਤਕਨੀਕ ਹੈ ਜਿਸ ਦੁਆਰਾ ਅਸੀਂ ਕੀਅਬੋਰਡ ਨੂੰ ਵੇਖੇ ਬਿਨਾਂ, ਸਾਰੀਆਂ ਉਂਗਲਾਂ ਨਾਲ ਕਦਮ-ਦਰ-ਕਦਮ ਟਾਈਪਿੰਗ ਕਰਨਾ ਸਿਖ ਸਕਦੇ ਹਾਂ। ਜੇਕਰ ਅਸੀਂ ਟਾਈਪ ਕਰਨ ਸਮੇਂ ਕੀਅਬੋਰਡ ਉੱਪਰ ਕੀਅਜ਼ ਲੱਭਦੇ ਰਹਾਂਗੇ ਤਾਂ ਨਤੀਜੇ ਵੱਜੋਂ ਸਾਡੀ ਟਾਈਪਿੰਗ ਸਪੀਡ ਬਹੁਤ ਹੌਲੀ ਹੋ ਜਾਵੇਗੀ।

**ਪ੍ਰ:2 ਹੋਮ ਰੋਅ ਉੱਪਰ ਸਾਡੀਆਂ ਉਂਗਲਾਂ ਦੀ ਸਥਿਤੀ ਦਾ ਵਰਨਣ ਕਰੋ।**

ਉ: ਹੋਮ ਰੋਅ ਉੱਪਰ ਉਂਗਲਾਂ ਦੀ ਸਥਿਤੀ ਨੂੰ ਹੇਠਾਂ ਚਿੱਤਰ ਵਿੱਚ ਦਰਸ਼ਾਇਆ ਗਿਆ ਹੈ।

**ਖੱਬਾ ਹੱਥ**

| | |
|---|---|
| ਛੋਟੀ (ਚੌਥੀ) ਉਂਗਲੀ | A |
| ਰਿੰਗ (ਤੀਜੀ) ਉਂਗਲੀ | S |
| ਮੱਧ (ਦੂਜੀ ਉਂਗਲੀ) | D |
| ਇੰਡੈਕਸ (ਪਹਿਲੀ) ਉਂਗਲੀ | F ਅਤੇ G |

**ਸੱਜਾ ਹੱਥ**

| | |
|---|---|
| ਛੋਟੀ (ਚੌਥੀ) ਉਂਗਲੀ | ; |
| ਰਿੰਗ (ਤੀਜੀ) ਉਂਗਲੀ | L |
| ਮੱਧ (ਦੂਜੀ ਉਂਗਲੀ) | K |
| ਇੰਡੈਕਸ (ਪਹਿਲੀ) ਉਂਗਲੀ | J ਅਤੇ H |

ਚਿਤਰ : ਦੋਵੇਂ ਹੱਥਾਂ ਦੀਆਂ ਹੋਮ ਰੋਅ ਦੀਆਂ ਕੀਅਜ਼

**ਪ੍ਰ:3 ਟਾਈਪਿੰਗ ਦੀ ਸਪੀਡ ਨੂੰ ਸੁਧਾਰਨ ਲਈ ਕਿਹੜੇ ਸੁਝਾਅ ਹਨ?**

ਉ: ਟਾਈਪਿੰਗ ਸਪੀਡ ਨੂੰ ਵਧਾਉਣ ਲਈ ਕੁੱਝ ਸੁਝਾਅ ਹੇਠਾਂ ਦਿਤੇ ਗਏ ਹਨ:

- ਸਾਡੇ ਹੱਥ/ਉਂਗਲਾਂ ਦੀ ਸਥਿਤੀ ਹਮੇਸ਼ਾ ਹੋਮ ਰੋਅ ਉੱਤੇ ਹੋਣੀ ਚਾਹਿਦੀ ਹੈ। ਸਾਨੂੰ ਹੋਮ ਰੋਅ ਪੁਜੀਸ਼ਨ ਤੋਂ ਹੋਰਨਾਂ ਰੋਅਜ਼ ਦੀਆਂ ਕੀਜ਼ ਤੱਕ ਪਹੁੰਚ ਕਰਨੀ ਚਾਹੀਦੀ ਹੈ।
- ਸਾਨੂੰ ਆਪਣਾ ਜਿਆਦਾ ਧਿਆਨ ਰਫਤਾਰ ਨਾਲੋਂ ਸਹੀ ਕੀਅ ਦਬਾਉਣ ਉੱਤੇ ਰਖੱਣਾ ਚਾਹੀਦਾ ਹੈ।
- ਟਾਈਪਿੰਗ ਕਰਦੇ ਸਮੇਂ ਕੀਅਬੋਰਡ ਉੱਪਰ ਨਾਂ ਦੇਖੋ।
- ਲਗਾਤਾਰ, ਆਰਾਮ ਨਾਲ ਅਤੇ ਸਹੀ ਟਾਈਪ ਕਰਨ ਵੱਲ ਧਿਆਨ ਰਖੋ।
- ਹਰ-ਇੱਕ ਕੀਅ ਨੂੰ ਦਬਾਉਂਦੇ ਹੋਏ ਸਾਨੂੰ ਉਹ ਅੱਖਰ ਅਪਣੇ ਮਨ ਵਿੱਚ ਦੁਹਰਾਉਣਾ ਚਾਹੀਦਾ ਹੈ।

**ਪ੍ਰ:4 ਨੁਮੈਰਿਕ ਕੀਅਪੈਡ ਨਾਲ ਨੰਬਰ ਟਾਈਪ ਕਰਨ ਲਈ ਕਿਹੜੇ ਹੱਥ ਦੀ ਵਰਤੋਂ ਕੀਤੀ ਜਾਂਦੀ ਹੈ? ਨੁਮੈਰਿਕ ਕੀਅਪੈਡ ਉਪਰ ਉਂਗਲਾਂ ਦੀ ਸਥਿਤੀ ਦਾ ਵਰਨਣ ਵੀ ਕਰੋ।**



ਉ: ਨੁਮੈਰਿਕ ਕੀਅਪੈਡ ਕੀਬੋਰਡ ਦੇ ਸੱਜੇ ਪਾਸੇ ਮੌਜੂਦ ਹੁੰਦੀ ਹੈ। ਸਾਨੂੰ ਇਸ ਦੀਆਂ ਕੀਅਜ਼ ਨਾਲ ਕੰਮ ਕਰਨ ਲਈ ਸਿਰਫ ਇੱਕ ਹੱਥ (ਸੱਜਾ ਹੱਥ) ਵਰਤਣਾ ਪੈਂਦਾ ਹੈ। ਇਨ੍ਹਾਂ ਕੀਅਜ਼ ਉਪਰ ਕੰਮ ਕਰਨ ਲਈ ਵਰਤੀਆਂ ਜਾਣ ਵਾਲੀਆਂ ਉਂਗਲਾਂ ਸੰਬੰਧੀ ਜਾਣਕਾਰੀ ਹੇਠਾਂ ਅਨੁਸਾਰ ਹੈ:

- ਇੰਡੈਕਸ ਉਂਗਲ ਨਾਲ 1, 4 ਅਤੇ 7 ਕੀਅਜ਼ ਦਬਾਈਆਂ ਜਾਂਦੀਆਂ ਹਨ।
- ਮੱਧ ਉਂਗਲ ਨਾਲ 2, 5 ਅਤੇ 8 ਕੀਅਜ਼ ਦਬਾਈਆਂ ਜਾਂਦੀਆਂ ਹਨ।
- ਰਿੰਗ ਉਂਗਲ ਨਾਲ 3, 6 ਅਤੇ 9 ਕੀਅਜ਼ ਦਬਾਈਆਂ ਜਾਂਦੀਆਂ ਹਨ।
- ਛੋਟੀ ਉਂਗਲ ਨਾਲ *Enter*, " + " ਅਤੇ " - " ਕੀਅਜ਼ ਦਬਾਈਆਂ ਜਾਂਦੀਆਂ ਹਨ।
- ਅੰਗੂਠੇ ਦੀ ਵਰਤੋਂ 0 ਕੀਅ ਨੂੰ ਦਬਾਉਣ ਲਈ ਕੀਤੀ ਜਾਂਦੀ ਹੈ।

**ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ**



**ਪ੍ਰ:1 ਟਾਈਪਿੰਗ ਕਰਦੇ ਸਮੇਂ ਬੈਠਣ ਦੇ ਸਹੀ ਤਰੀਕੇ ਦਾ ਵਰਨਣ ਕਰੋ।**

ਉ: ਟਾਈਪਿੰਗ ਕਰਦੇ ਸਮੇਂ ਸਹੀ ਤਰੀਕੇ ਨਾਲ ਬੈਠਣ ਸੰਬੰਧੀ ਹੇਠਾਂ ਦਿਤੀਆਂ ਗੱਲਾਂ ਦਾ ਧਿਆਣ ਰੱਖੋ:


I. ਸਾਨੂੰ ਬਿਲਕੁਲ ਸਿੱਧੇ ਅਤੇ ਕੀਅ-ਬੋਅਡ ਦੇ ਬਿਲਕੁਲ ਸਾਹਮਣੇ ਬੈਠਣਾ ਚਾਹੀਦਾ ਹੈ।
II. ਸਾਡੇ ਪੈਰ ਜਮੀਨ ਉੱਤੇ ਸਿੱਧੇ ਹੋਣੇ ਚਾਹੀਦੇ ਹਨ।
III. ਕੰਪਿਊਟਰ ਦਾ ਮੋਨੀਟਰ ਸਾਡੀਆਂ ਅੱਖਾਂ ਦੇ ਬਰਾਬਰ ਸਾਹਮਣੇ ਹੋਣਾ ਚਾਹੀਦਾ ਹੈ।
IV. ਟਾਈਪਿੰਗ ਕਰਦੇ ਸਮੇਂ ਸਾਡੀ ਨਜ਼ਰ ਮੋਨੀਟਰ ਉੱਤੇ ਜਾਂ ਕਾਪੀ ਉੱਤੇ ਹੋਣੀ ਚਾਹੀਦੀ ਹੈ।
V. ਸਾਡੀਆਂ ਉਂਗਲਾਂ ਗੋਲਾਈ ਵਿੱਚ ਅਤੇ ਹੋਮ ਰੋਅ ਕੀਜ਼ ਉੱਤੇ ਹੋਣੀਆਂ ਚਾਹੀਦੀਆਂ ਹਨ।

**ਪ੍ਰ:2 ਹੇਠਾਂ ਦਿਤੀਆਂ ਕੀਅਜ਼ ਦਾ ਵਰਨਣ ਕਰੋ।**

ੳ. **Enter ਕੀਅ:** ਇਹ ਕੀਅ ਨਵੀਂ ਲਾਈਨ ਤੇ ਜਾਉਣ ਲਈ ਵਰਤੀ ਜਾਂਦੀ ਹੈ। ਐਂਟਰ ਕੀਅ ਦਬਾਉਣ ਲਈ ਅਸੀਂ ਆਪਣੇ ਸੱਜੇ ਹੱਥ ਦੀ ਸਭ ਤੋਂ ਛੋਟੀ ਉਂਗਲ ਦੀ ਵਰਤੋਂ ਕਰਦੇ ਹਾਂ।

ਅ. **Backspace ਕੀਅ:** ਇਹ ਕੀਅ ਕਰਸਰ ਦੇ ਖੱਬੇ ਪਾਸੇ ਇਕ ਅੱਖਰ ਮਿਟਾਉਣ ਲਈ ਵਰਤੀ ਜਾਂਦੀ ਹੈ। ਅਸੀਂ ਇਸ ਲਈ ਆਪਣੇ ਸੱਜੇ ਹੱਥ ਦੀ ਛੋਟੀ ਉਂਗਲ ਦੀ ਵਰਤੋਂ ਕਰਦੇ ਹਾਂ

ੲ. **Shift ਕੀਅ:** ਇਹ ਕੀਅ ਕੀਅਬੋਰਡ ਦੇ ਦੋਵੇਂ ਪਾਸੇ ਮੌਜੂਦ ਹੁੰਦੀ ਹੈ। ਇਸਦੀ ਵਰਤੋਂ ਅੰਗਰੇਜੀ ਵਰਣਮਾਲਾ ਦੇ ਵੱਡੇ ਅੱਖਰ (capital letters) ਜਾਂ ਕਿਸੇ ਕੀਅ ਦੇ ਉਪਰ ਛਪਿਆ ਉਪਰਲਾ ਬਟਨ ਟਾਈਪ ਕਰਨ ਲਈ ਕੀਤੀ ਜਾਂਦੀ ਹੈ।




## ਪਾਠ-2
## ਵਿੰਡੋਜ਼ ਐਕਸਪਲੋਰਰ

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

1. ਵਿੰਡੋਜ਼ ਐਕਸਪਲੋਰਰ ਦੇ ਦੋ ਪੇਨ ਹੁੰਦੇ ਹਨ। ਇਹ ਹਨ __________ ਅਤੇ__________
   ੳ. ਪਹਿਲਾ, ਦੂਜਾ   ਅ. ਖੱਬਾ, ਸੱਜਾ   ੲ. ਉਪਰਲਾ, ਹੇਠਲਾ   ਸ. ਫਾਈਲ, ਫੋਲਡਰ
2. ______ ਵਿਊ ਇਕ ਫਾਈਲ ਦਾ ਸਾਈਜ, ਕਿਸਮ ਅਤੇ ਸੋਧਨ ਦੀ ਮਿਤੀ ਦੱਸਦਾ ਹੈ।
   ੳ. ਡਿਟੇਲਜ਼   ਅ. ਟਾਈਲਜ਼   ੲ. ਲਿਸਟ   ਸ. ਕੰਨਟੈਂਟ
3. ______ ਆਪਸ਼ਨ ਦੀ ਵਰਤੋਂ ਕਿਸੇ ਆਈਟਮ ਨੂੰ ਉਸਦੀ ਥਾਂ ਤੋਂ ਮੂਵ ਕਰਨ ਲਈ ਕੀਤੀ ਜਾਂਦੀ ਹੈ।
   ੳ. ਕਾਪੀ   ਅ. ਪੇਸਟ   ੲ. ਕੱਟ   ਸ. ਡਿਲੀਟ
4. ਇਕ _________ ਸਾਡੇ ਕੰਪਿਊਟਰ ਵਿੱਚ ਤਸਵੀਰਾਂ, ਰੰਗਾਂ ਅਤੇ ਆਵਾਜ਼ਾਂ ਆਦਿ ਦਾ ਸੁਮੇਲ ਹੁੰਦਾ ਹੈ।
   ੳ. ਬੈਕਗ੍ਰਾਂਉਂਡ   ਅ. ਡੈਸਕਟਾਪ   ੲ. ਸਕ੍ਰੀਨਸੇਵਰ   ਸ. ਥੀਮ (Theme)
5. ਇਕ _________ ਸਾਫਟਵੇਅਰ ਪ੍ਰੋਗਰਾਮ ਹੁੰਦਾ ਹੈ ਜੋ ਕਿ ਕੰਪਿਊਟਰ ਦੇ ਕੁਝ ਖਾਸ ਸਮੇਂ ਦੌਰਾਨ ਨਾ ਵਰਤਣ ਦੀ ਹਾਲਤ ਵਿੱਚ ਆਪਣੇ ਆਪ ਚੱਲ ਪੈਂਦੇ ਹਨ।
   ੳ. ਬੈਕਗ੍ਰਾਂਉਂਡ   ਅ. ਡੈਸਕਟਾਪ   ੲ. ਸਕ੍ਰੀਨਸੇਵਰ   ਸ. ਥੀਮ (Theme)

**ਪ੍ਰਸ਼ਨ:2 ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰ:1. ਵਿੰਡੋਜ਼ ਦੀ ਕਿਸ ਐਪਲੀਕੇਸ਼ਨ ਦੀ ਵਰਤੋਂ ਫਾਈਲਾਂ ਦਾ ਉਚਿੱਤ ਪ੍ਰਬੰਧ ਕਰਨ ਲਈ ਕੀਤੀ ਜਾਂਦੀ ਹੈ?**

ਉ: ਵਿੰਡੋਜ਼ ਐਕਸਪਲੋਰਰ (Windows Explorer)

**ਪ੍ਰ:2 ਇਕ ਫੋਲਡਰ ਵਿੱਚ ਬਣਾਏ ਕਿਸੇ ਹੋਰ ਫੋਲਡਰ ਨੂੰ ਅਸੀਂ ਕੀ ਕਹਿੰਦੇ ਹਾਂ?**

ਉ: ਸਬ-ਫੋਲਡਰ (Sub-Folder)

**ਪ੍ਰ:3 ਵਿੰਡੋਜ਼ ਐਕਸਪਲੋਰਰ ਨੂੰ ਖੋਲ੍ਹਣ ਦਾ ਤਰੀਕਾ ਲਿਖੋ?**

ਉ: ਵਿੰਡੋ ਕੀਅ + E (Window Key + E)



(Please Visit http://cspunjab.nirmancampus.co.in for more computer science contents)

**ਪ੍ਰ:4 ਵਿੰਡੋਜ਼ ਦੀ ਕਿਸੇ ਵੀ ਡਿਫਾਲਟ ਲਾਈਬ੍ਰੇਰੀ ਦਾ ਨਾਂ ਲਿਖੋ।**
ਉ: ਡਾਕੂਮੈਂਟ ਫੋਲਡਰ (Documents Folder)
**ਪ੍ਰ:5 ਕਿਸ ਆਪਸ਼ਨ ਦੀ ਵਰਤੋਂ ਕਿਸੀ ਆਈਟਮ ਦੀ ਡੁਪਲੀਕੇਟ ਬਨਾਉਣ ਲਈ ਕੀਤੀ ਜਾਂਦੀ ਹੈ?**
ਉ: ਕਾਪੀ ਅਤੇ ਪੇਸਟ (Copy and Paste)

**ਪ੍ਰਸ਼ਨ:3 ਖਾਲੀ ਥਾਵਾਂ ਭਰੋ।**

I. ਇਕ ਨਵਾਂ ਫੋਲਡਰ ਬਨਾਉਣ ਦੀ ਸ਼ਾਰਟਕੱਟ ਕੀਅ _____ ਹੁੰਦੀ ਹੈ।
II. ਕਿਸੇ ਫਾਈਲ ਜਾਂ ਫੋਲਡਰ ਦਾ ਨਾਂ ਬਦਲਣ ਦੀ ਸ਼ਾਰਟਕੱਟ ਕੀਅ ________ ਹੁੰਦੀ ਹੈ।
III. ਡਿਲੀਟ ਕੀਤੀਆਂ ਫਾਈਲਾਂ ਅਤੇ ਫੋਲਡਰ ________ ਵਿਚ ਚਲੇ ਜਾਂਦੇ ਹਨ।
IV. __________ ਸਾਡੇ ਕੰਪਿਊਟਰ ਵਿਚ ਤਸਵੀਰਾਂ, ਰੰਗਾਂ ਅਤੇ ਆਵਾਜ਼ ਦਾ ਸੁਮੇਲ ਹੁੰਦੇ ਹਨ।


**ਉੱਤਰ:** I. Ctrl+Shift+N   II. F2   III. ਰੀਸਾਈਕਲ-ਬਿਨ   IV. ਥੀਮ

**ਪ੍ਰਸ਼ਨ 4: ਛੋਟੇ ਉਤਰਾਂ ਵਾਲੇ ਪ੍ਰਸ਼ਨ।**

**ਪ੍ਰ:1 ਵਿੰਡੋਜ਼ ਐਕਸਪਲੋਰਰ ਵਿੱਚ ਕਿਨ੍ਹੇ ਪੇਨ ਹੁੰਦੇ ਹਨ? ਉਨ੍ਹਾਂ ਦੇ ਨਾਮ ਲਿਖੋ।**
ਉ: ਵਿੰਡੋਜ਼ ਐਕਸਪਲੋਰਰ ਵਿਚ ਦੋ ਪੇਨ ਹੁੰਦੇ ਹਨ। ਇਹਨਾਂ ਪੇਨਜ਼ ਦੇ ਨਾਂ ਹੇਠਾਂ ਦਿਤੇ ਗਏ ਹਨ:
1. ਖੱਬਾ ਪੇਨ ਜਾਂ ਨੇਵੀਗੇਸ਼ਨ ਪੇਨ
2. ਸੱਜਾ ਪੇਨ


**ਪ੍ਰ:2 ਵਿੰਡੋਜ਼ ਐਕਸਪਲੋਰਰ ਦੇ ਵੱਖ-ਵੱਖ ਭਾਗਾਂ ਦੇ ਨਾਂ ਲਿਖੋ।**
ਉ: ਵਿੰਡੋ ਐਕਸਪਲੋਰਰ ਦੇ ਵੱਖ-ਵੱਖ ਭਾਗਾਂ ਦੇ ਨਾਂ ਇਸ ਤਰ੍ਹਾਂ ਹਨ:
1. ਟਾਈਟਲ ਬਾਰ
2. ਬੈਕ ਅਤੇ ਫਾਰਵਰਡ ਬਟਨ
3. ਐਡਰੈਸ ਬਾਰ
4. ਸਰਚ ਬਾਕਸ
5. ਮੀਨੂੰ ਬਾਰ
6. ਟੂਲ ਬਾਰ
7. ਸਟੇਟਸ ਬਾਰ

**ਪ੍ਰ:3 ਫਾਈਲ ਅਤੇ ਫੋਲਡਰ ਨੂੰ ਪਰੀਭਾਸ਼ਿਤ ਕਰੋ।**
ਉ: ਡਾਟੇ ਨੂੰ ਸਟੋਰ ਕਰਨ ਲਈ ਸਭ ਤੋਂ ਛੋਟੀ ਇਕਾਈ ਫਾਇਲ ਹੁੰਦੀ ਹੈ। ਕੰਪਿਊਟਰ ਸਿਸਟਮ ਵਿਚ ਫਾਈਲਾਂ ਦਾ ਪ੍ਰਬੰਧ ਕਰਨ ਲਈ ਅਸੀਂ ਫੋਲਡਰਾਂ ਦੀ ਵਰਤੋਂ ਕਰਦੇ ਹਾਂ। ਫੋਲਡਰਾਂ ਨੂੰ "ਡਾਇਰੈਕਟਰੀਆਂ (Directories)" ਵੀ ਕਿਹਾ ਜਾਂਦਾ ਹੈ। ਇੱਕ ਫੋਲਡਰ ਵਿੱਚ ਕਈ ਹੋਰ ਫੋਲਡਰ ਅਤੇ ਫਾਈਲਾਂ ਹੋ ਸਕਦੀਆਂ ਹਨ।




**ਪ੍ਰਸ਼ਨ:5 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਵਿੰਡੋਜ਼ ਐਕਸਪਲੋਰਰ ਕੀ ਹੈ? ਵਿੰਡੋਜ਼ ਐਕਸਪਲੋਰਰ ਨੂੰ ਖੋਲ੍ਹਣ ਦੇ ਵੱਖਰੇ-ਵੱਖਰੇ ਤਰੀਕੇ ਲਿਖੋ।**
ਉ: ਵਿੰਡੋਜ਼ ਐਕਸਪਲੋਰਰ ਨੂੰ ਫਾਈਲ ਐਕਸਪਲੋਰਰ (File Explorer) ਵੀ ਕਿਹਾ ਜਾਂਦਾ ਹੈ। ਇਸਦੀ ਵਰਤੋਂ ਸਾਡੇ ਕੰਪਿਊਟਰ ਵਿੱਚ ਮੌਜੂਦ ਫਾਈਲਾਂ ਅਤੇ ਫੋਲਡਰਾਂ ਨੂੰ ਦੇਖਣ ਲਈ ਜਾਂ ਉਹਨਾਂ ਉਪਰ ਕੰਮ ਕਰਨ ਲਈ ਕੀਤੀ ਜਾਂਦੀ ਹੈ। ਵਿੰਡੋਜ਼ ਐਕਸਪਲੋਰਰ ਨੂੰ ਖੋਲਣ ਦੇ ਕੁੱਝ ਮੁੱਖ ਤਰੀਕੇ ਇਸ ਤਰ੍ਹਾਂ ਹਨ:
1. ਵਿੰਡੋ + E ਕੀਅਜ਼ ਨੂੰ ਇੱਕਠਾ ਦਬਾਓ।   ਜਾਂ
2. Window Key → All Programs → Accessories → Windows Explorer   ਜਾਂ
3. ਵਿੰਡੋਜ਼ ਕੀਅ ਦਬਾਓ→ਸਰਚ ਬਾਕਸ ਵਿੱਚ Explorer ਟਾਈਪ ਕਰੋ।




**ਪ੍ਰ:2 ਵਿੰਡੋਜ਼ ਐਕਸਪਲੋਰਰ ਦੇ ਵੱਖਰੇ-ਵੱਖਰੇ ਵਿਊ ਬਾਰੇ ਲਿਖੋ।**


ਉ: ਵਿੰਡੋਜ਼ ਐਕਸਪਲੋਰਰ ਆਈਟਮਜ਼ ਨੂੰ ਵੱਖ-ਵੱਖ ਤਰੀਕਿਆਂ ਨਾਲ ਦੇਖਣ ਲਈ ਵੱਖ-ਵੱਖ ਵਿਊਜ਼ ਪ੍ਰਦਾਨ ਕਰਦਾ ਹੈ। ਇਹ ਵਿਊਜ਼ ਹੇਠਾਂ ਅਨੁਸਾਰ ਹਨ:

- ਸਮਾਲ, ਮੀਡੀਅਮ, ਲਾਰਜ ਅਤੇ ਐਕਸਟਰਾ ਲਾਰਜ ਆਈਕਨਜ਼ ਵਿਊ
- ਟਾਈਲਜ਼ ਆਈਕਨਜ਼ ਵਿਊ
- ਲਿਸਟ ਆਈਕਨਜ਼ ਵਿਊ
- ਡਿਟੇਲ ਆਈਕਨਜ਼ ਵਿਊ
- ਕੰਟੈਂਟ ਆਈਕਨਜ਼ ਵਿਊ

**ਪ੍ਰ:3 ਵਿੰਡੋ ਵਿਚ ਡੈਸਕਟਾਪ ਨੂੰ ਕਸਟਮਾਈਜ਼ ਕਰਨ ਸੰਬੰਧੀ ਆਪਸ਼ਨਾਂ ਬਾਰੇ ਜਾਣਕਾਰੀ ਦਿਓ।**

ਉ: ਵਿੰਡੋ ਵਿਚ ਪਰਸਨਲਾਈਲੇਜੇਸ਼ਨ (Personalization) ਡਾਇਲਾਗ ਬਾਕਸ ਦੀ ਮਦਦ ਨਾਲ ਡੈਸਕਟਾਪ ਸਕਰੀਨ ਦੀ ਦਿੱਖ ਨੂੰ ਕਸਟਮਾਈਜ਼ ਕੀਤਾ (ਬਦਲਿਆ) ਜਾ ਸਕਦਾ ਹੈ। ਇਸ ਡਾਇਲਾਗ ਬਾਕਸ ਵਿਚ ਹੇਠਾਂ ਦਿਤੀਆਂ ਆਪਸ਼ਨਾਂ ਮੋਜੂਦ ਹੁੰਦੀਆਂ ਹਨ:


1. **ਥੀਮਜ਼ (Themes):** ਇਕ ਥੀਮ (Theme) ਸਾਡੇ ਕੰਪਿਊਟਰ ਵਿੱਚ ਤਸਵੀਰਾਂ, ਰੰਗਾਂ ਅਤੇ ਆਵਾਜ਼ ਆਦਿ ਦਾ ਸੁਮੇਲ ਹੁੰਦਾ ਹੈ।
2. **ਡੈਸਕਟਾਪ ਬੈਕਗ੍ਰਾਊਂਡ**: ਡੈਸਕਟਾਪ ਬੈਕਗ੍ਰਾਊਂਡ ਵਿੱਚ ਮੁੱਖ ਤੌਰ ਤੇ ਵਾਲਪੇਪਰ ਹੁੰਦਾ ਹੈ। ਵਾਲਪੇਪਰ ਇੱਕ ਬੈਕਗ੍ਰਾਂਊਂਡ ਪੈਟਰਨ ਜਾਂ ਤਸਵੀਰ ਹੁੰਦੀ ਹੈ ਜਿਸਨੂੰ ਅਸੀਂ ਆਪਣੀ ਇੱਛਾ ਅਨੁਸਾਰ ਬਦਲ ਸਕਦੇ ਹਾਂ।
3. **ਸਕਰੀਨ ਸੇਵਰ:** ਸਕਰੀਨਸੇਵਰ ਮੁੱਖ ਤੌਰ ਤੇ ਐਨੀਮੇਟਿਡ ਤਸਵੀਰਾਂ ਹੁੰਦੀਆਂ ਹਨ। ਸਕਰੀਨਸੇਵਰ ਨੂੰ ਮਾਨੀਟਰ ਦੀ ਫਾਸਫੋਰਸ ਕੋਟਿੰਗ ਨੂੰ ਸੜਨ ਤੋਂ ਬਚਾਉਣ ਲਈ ਵਿਕਸਿਤ ਕੀਤਾ ਗਿਆ ਸੀ।




**ਪ੍ਰ:4 ਅਸੀਂ ਸੈਂਡ ਟੂ ਆਪਸ਼ਨ ਦੀ ਵਰਤੋਂ ਕਰ ਕੇ ਕਿਸੇ ਆਈਟਮ ਨੂੰ ਕਿਵੇਂ ਕਾਪੀ ਕਰ ਸਕਦੇ ਹਾਂ?**

ਉ: Send to ਆਪਸ਼ਨ ਇੱਕ ਜਾਂ ਇੱਕ ਤੋ ਜਿਆਦਾ ਆਈਟਮਜ਼ ਨੂੰ ਕਾਪੀ ਕਰਕੇ ਨਵੀਂ ਥਾਂ ਉੱਤੇ ਭੇਜਣ ਲਈ ਇੱਕ ਸੋਖਾ ਤਰੀਕਾ ਹੈ। ਇਸ ਆਪਸ਼ਨ ਦੀ ਵਰਤੋਂ ਦੇ ਸਟੈਪ ਹੇਠਾਂ ਅਨੁਸਾਰ ਹਨ:

I. ਜਿਸ ਆਈਟਮ ਨੂੰ ਕਾਪੀ ਕਰਨਾ ਹੈ, ਉਸਨੂੰ ਸਿਲੈਕਟ ਕਰੋ।
II. ਮਾਊਸ ਦਾ ਸੱਜਾ ਬਟਨ (Right Click) ਦਬਾਓ, ਇਕ ਸ਼ਾਰਕੱਟ ਮੀਨੂੰ ਨਜ਼ਰ ਆਵੇਗਾ।
III. ਇਸ ਮੀਨੂੰ ਵਿਚੋਂ Send to ਆਪਸ਼ਨ ਉਪਰ ਕਲਿੱਕ ਕਰੋ ਅਤੇ ਸਬ-ਮੀਨੂੰ ਵਿਚੋਂ ਆਈਟਮ ਨੂੰ ਕਾਪੀ ਕਰਨ ਲਈ ਥਾਂ (Location) ਦੀ ਚੋਣ ਕਰੋ।




**ਪ੍ਰ:5 ਸਕ੍ਰੀਨ-ਸੇਵਰ ਸੰਬੰਧੀ ਜਾਣਕਾਰੀ ਦਿਓ।**

ਉ: ਸਕਰੀਨ ਸੇਵਰ ਇਕ ਸਾਫਟਵੇਅਰ ਪ੍ਰੋਗ੍ਰਾਮ ਹੁੰਦਾ ਹੈ। ਜਦੋਂ ਕੰਪਿਊਟਰ ਕੁੱਝ ਖਾਸ ਸਮੇਂ ਤੱਕ ਵਰਤਿਆ ਨਹੀਂ ਜਾਂਦਾ ਤਾਂ ਸਕ੍ਰੀਨ ਸੇਵਰ ਆਪਣੇ ਆਪ ਚੱਲ ਪੈਂਦਾ ਹੈ। ਸਕਰੀਨਸੇਵਰ ਮੁੱਖ ਤੌਰ ਤੇ ਐਨੀਮੇਟਿਡ ਤਸਵੀਰਾਂ ਹੁੰਦੀਆਂ ਹਨ। ਸਕਰੀਨਸੇਵਰ ਨੂੰ ਕੰਪਿਊਟਰ ਦੇ ਮਾਨੀਟਰ ਦੀ ਫਾਸਫੋਰਸ ਕੋਟਿੰਗ ਨੂੰ ਸੜਨ ਤੋਂ ਬਚਾਉਣ ਲਈ ਵਿਕਸਿਤ ਕੀਤਾ ਗਿਆ ਸੀ।

## ਪਾਠ 3
## ਮਾਈਕਰੋਸਾਫਟ ਵਰਡ (ਭਾਗ-1)

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

**1. Ctrl+S ਕੀਅਜ਼ ਦੀ ਵਰਤੋਂ ________ ਲਈ ਕੀਤੀ ਜਾਂਦੀ ਹੈ।**

ੳ. Save  ਅ. Open  ੲ. New  ਸ. Close

**2. ਰੂਲਰ ਦੇ ਹੇਠਲੇ ਪਾਸੇ ਇਕ ਵੱਡਾ ਖੇਤਰ ਹੁੰਦਾ ਹੈ, ਜਿਸਨੂੰ ________ ਕਿਹਾ ਜਾਂਦਾ ਹੈ।**

ੳ. ਟੈਕਸਟ ਏਰੀਆ  ਅ. ਓਪਨ ਏਰੀਆ  ੲ. ਕਲੋਜ਼ ਏਰੀਆਂ  ਸ. ਉਪਰੋਕਤ ਸਾਰੇ

**3. ਵਰਡ ਡਾਕੂਮੈਂਟ ਵਿਚ ਦੋ ਸਕਰੋਲਬਾਰ ਹੁੰਦੇ ਹਨ: ________ ਅਤੇ ________**

ੳ. ਹਾਰੀਜ਼ੋਂਟਲ, ਵਰਟੀਕਲ (Horizontal, Vertical)  ਅ. ਖੱਬਾ, ਸੱਜਾ (Left, Right)

ੲ. ਉਪਰਲਾ ਅਤੇ ਹੇਠਲਾ ਬਾਰ (Upper, Lower bar)  ਸ. ਉਪਰੋਕਤ ਵਿਚੋਂ ਕੋਈ ਨਹੀਂ

**4. ਇਕ ਨਵਾਂ ਡਾਕੂਮੈਂਟ ਖੋਲਣ ਲਈ ਕੀਅਬੋਰਡ ਤੋਂ ________ ਕੀਅਜ਼ ਪ੍ਰੈਸ ਕੀਤੀਆਂ ਜਾਂਦੀਆਂ ਹਨ।**

ੳ. Ctrl + O  ਅ. Ctrl + N  ੲ. Ctrl + S  ਸ. Ctrl + V

**5. ________ ਵਿਊ ਡਾਕੂਮੈਂਟ ਨੂੰ ਠੀਕ ਉਸੇ ਤਰ੍ਹਾਂ ਦਿਖਾਉਂਦਾ ਹੈ ਜਿਵੇਂ ਕਿ ਉਹ ਪ੍ਰਿੰਟ ਹੋਣ ਉਪਰੰਤ ਦਿਖਾਈ ਦੇਵੇਗਾ।**

ੳ. ਪ੍ਰਿੰਟ ਲੇਆਉਟ  ਅ. ਡ੍ਰਾਫਟ  ੲ. ਆਉਟਲਾਈਨ  ਸ. ਫੁੱਲ ਸਾਈਜ਼

**ਪ੍ਰਸ਼ਨ:2 ਖਾਲੀ ਥਾਵਾਂ ਭਰੋ।**

1. ਰੀਬਨ ਦੇ ਹਰ ਇਕ ________ ਦੇ ਹੇਠਲੇ ਸੱਜੇ ਕੋਨੇ ਵਿਚ ਡਾਇਲਾਗ ਬਾਕਸ ਲਾਂਚਰ ਮੌਜੂਦ ਹੁੰਦਾ ਹੈ।
2. ਵਰਡ ਦੀ ਵਿੰਡੋ ਦੀ ਸਭ ਤੋਂ ਉਪਰਲੀ ਬਾਰ ਦਾ ਨਾਂ ________ ਹੁੰਦਾ ਹੈ।
3. ________ ਵਿਊ ਵਿਚ ਡਾਕੂਮੈਂਟ ਨੂੰ ਠੀਕ ਉਸੇ ਤਰ੍ਹਾਂ ਦਿਖਾਇਆ ਜਾਂਦਾ ਹੈ ਜਿਵੇਂ ਕਿ ਉਹ ਪ੍ਰਿੰਟ ਹੋਣ ਉਪਰੰਤ ਦਿਖਾਈ ਦੇਵੇਗਾ।
4. ਨਵਾਂ ਡਾਕੂਮੈਂਟ ਓਪਨ ਕਰਨ ਲਈ ਵਰਤੀ ਜਾਣ ਵਾਲੀ ਸ਼ਾਰਕੱਟ ਕੀਅ ________ ਹੁੰਦੀ ਹੈ।
5. ਐਮ. ਅਸ. ਵਰਡ ਦਾ ________ ਲੇਅਆਉਟ ਵਿਊ ਡਾਕੂਮੈਂਟ ਦੀ ਆਉਟਲਾਈਨ ਨੂੰ ਦਰਸ਼ਾਉਂਦਾ ਹੈ

ਉੱਤਰ: 1. ਗਰੁੱਪ  2. ਟਾਈਟਲ ਬਾਰ  3. ਪ੍ਰਿੰਟ ਲੇਆਉਟ  4. Ctrl + N  5. ਆਉਟਲਾਈਨ ਵਿਊ

**ਪ੍ਰਸ਼ਨ:3 ਛੋਟੇ ਉਤਰਾਂ ਵਾਲੇ ਪ੍ਰਸ਼ਨ**

**ਪ੍ਰ:1. ਵਰਡ ਪ੍ਰੋਸੈਸਰ ਕੀ ਹੈ?**

ਉ: ਵਰਡ ਪ੍ਰੋਸੈਸਰ ਐਪਲੀਕੇਸ਼ਨ ਸਾਫਟਵੇਅਰ ਹੁੰਦੇ ਹਨ। ਇਹਨਾਂ ਦੀ ਵਰਤੋਂ ਕਰਦੇ ਹੋਏ ਅਸੀਂ ਵੱਖ-ਵੱਖ ਤਰ੍ਹਾਂ ਦੇ ਡਾਕੂਮੈਂਟਸ ਅਤੇ ਚਿੱਠੀ ਪੱਤਰ ਆਦਿ ਤਿਆਰ ਕਰ ਸਕਦੇ ਹਾਂ। ਵਰਡਪੈਡ, ਐਮ.ਐਸ. ਵਰਡ ਆਦਿ ਕੁੱਝ ਆਮ ਵਰਤੇ ਜਾਣ ਵਾਲੇ ਵਰਡ-ਪ੍ਰੋਸਸਰ ਸਾਫਟਵੇਅਰਾਂ ਦੀਆਂ ਉਦਾਹਰਣਾਂ ਹਨ।

**ਪ੍ਰ:2. ਕੁੱਝ ਵਰਡ-ਪ੍ਰੋਸੈਸਿੰਗ ਸਾਫਟਵੇਅਰਜ਼ ਦੇ ਨਾਂ ਲਿਖੋ।**


ਉ: ਕੁੱਝ ਮਹੱਤਵਪੂਰਣ ਵਰਡ-ਪ੍ਰੋਸੈਸਿੰਗ ਸਾਫਟਵੇਅਰਜ਼ ਦੇ ਨਾਂ ਹੇਠਾਂ ਲਿਖੇ ਹਨ:

1. ਐਮ.ਐਸ. ਵਰਡ  2. ਵਰਡ ਪਰਫੈਕਟ  3. ਵਰਡਪੈਡ  4. ਵਰਡਸਟਾਰ

**ਪ੍ਰ:3. ਐਮ.ਐਸ. ਵਰਡ ਕਿਵੇਂ ਸਟਾਰਟ ਕੀਤਾ ਜਾਂਦਾ ਹੈ।**

ਉ: ਐਮ.ਐਸ. ਵਰਡ ਨੂੰ ਹੇਠਾਂ ਦਿਤੇ ਸਟੈਪਾਂ ਦੀ ਵਰਤੋਂ ਕਰਦੇ ਹੋਏ ਸਟਾਰਟ ਕੀਤਾ ਜਾ ਸਕਦਾ ਹੈ:


1. ਸਟਾਰਟ ਮੀਨੂੰ ਓਪਨ ਕਰੋ।
2. ਸਰਚ ਬਾਕਸ ਵਿਚ WORD ਟਾਈਪ ਕਰੋ।
3. ਐਂਟਰ ਕੀਅ ਦਬਾਓ।




**ਪ੍ਰ:4. ਐਮ.ਐਸ. ਵਰਡ ਵਿੰਡੋ ਦੇ ਭਾਗਾਂ ਦੇ ਨਾਂ ਲਿਖੋ।**

ਉ: ਐਮ.ਐਸ. ਵਰਡ ਵਿੰਡੋ ਦੇ ਮੁੱਖ ਭਾਗਾਂ ਦੇ ਨਾਂ ਹੇਠਾਂ ਦਿਤੇ ਗਏ ਹਨ:

1. ਟਾਈਟਲ ਬਾਰ  2. ਰੀਬਨ ਅਤੇ ਟੈਬਜ਼  3. ਟੈਕਸਟ ਏਰੀਆ
4. ਸਟੇਟਸ ਬਾਰ  5. ਸਕਰੋਲ ਬਾਰ  6. ਰੂਲਰ



**ਪ੍ਰ:5. ਟੈਕਸਟ ਏਰੀਆ ਨੂੰ ਪਰਿਭਾਸ਼ਿਤ ਕਰੋ**

ਉ: ਟੈਕਸਟ ਏਰੀਆ ਐਮ.ਐਸ.ਵਰਡ ਦਾ ਮਹੱਤਵਪੂਰਣ ਭਾਗ ਹੈ। ਰੂਲਰ ਦੇ ਹੇਠਲੇ ਪਾਸੇ ਵੱਡੇ ਖੇਤਰ ਨੂੰ ਟੈਕਸਟ ਏਰੀਆ ਕਿਹਾ ਜਾਂਦਾ ਹੈ। ਡਾਕੂਮੈਂਟ ਤਿਆਰ ਕਰਨ ਲਈ ਅਸੀਂ ਇਸ ਏਰੀਏ ਦੀ ਹੀ ਵਰਤੋਂ ਕਰਦੇ ਹਾਂ। ਇਸ ਵਿਚ ਨਜ਼ਰ ਆ ਰਹੀ ਟਿਮਟਿਮਾਉਂਦੀ ਡੰਡੀ ਨੂੰ ਕਰਸਰ ਕਿਹਾ ਜਾਂਦਾ ਹੈ।

## ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1. ਐਮ.ਐਸ. ਵਰਡ ਦੀਆਂ ਖਾਸ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।**

ਉ: ਐਮ.ਐਸ. ਵਰਡ ਦੀਆਂ ਕੁੱਝ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ:

1. ਐਮ.ਐਸ.ਵਰਡ ਡਾਕੂਮੈਂਟ ਵਿਚ ਅਸੀਂ ਕਿਸੇ ਵੀ ਥਾਂ ਉਪਰ ਟੈਕਸਟ ਦਾਖਲ ਕਰ ਸਕਦੇ ਹਾਂ।
2. ਐਮ.ਐਸ.ਵਰਡ ਡਾਕੂਮੈਂਟ ਵਿਚ ਅਸੀਂ ਪੇਜ਼ਾਂ ਦਾ ਮਾਰਜਨ ਆਪਣੀ ਜਰੂਰਤ ਅਨੁਸਾਰ ਸੈਟ ਕਰ ਸਕਦੇ ਹਾਂ।
3. ਐਮ.ਐਸ.ਵਰਡ ਡਾਕੂਮੈਂਟ ਵਿਚ ਅਸੀਂ ਕੋਈ ਵੀ ਸ਼ਬਦ/ਟੈਕਸਟ ਬੜੀ ਆਸਾਨੀ ਨਾਲ ਲੱਭ ਸਕਦੇ ਹਾਂ।
4. ਐਮ.ਐਸ.ਵਰਡ ਡਾਕੂਮੈਂਟ ਵਿਚ ਅਸੀਂ ਜਰੂਰਤ ਅਨੁਸਾਰ ਟੈਕਸਟ ਦਾ ਫੌਂਟ ਅਤੇ ਸਟਾਈਲ ਬਦਲ ਸਕਦੇ ਹਾਂ।
5. ਐਮ.ਐਸ.ਵਰਡ ਡਾਕੂਮੈਂਟ ਵਿਚ ਅਸੀਂ ਪੇਜਾਂ ਦਾ ਹੈਡਰ ਅਤੇ ਫੁੱਟਰ ਆਸਾਨੀ ਨਾਲ ਸੈਟ ਕਰ ਸਕਦੇ ਹਾਂ।
6. ਐਮ.ਐਸ.ਵਰਡ ਡਾਕੂਮੈਂਟ ਵਿਚ ਅਸੀਂ ਸਪੈਲਿੰਗ ਅਤੇ ਗਰਾਮਰ ਨਾਲ ਸੰਬੰਧਤ ਗਲਤੀਆਂ ਨੂੰ ਚੈਕ ਕਰਕੇ ਠੀਕ ਕਰ ਸਕਦੇ ਹਾਂ।

**ਪ੍ਰ:2. ਐਮ.ਐਸ. ਵਰਡ ਵਿਚ ਡਾਕੂਮੈਂਟ ਵਿਊਜ਼ ਦਾ ਵਰਨਣ ਕਰੋ।**

ਉ: ਐਮ.ਐਸ. ਵਰਡ ਵਿਚ ਡਾਕੂਮੈਂਟ ਦੇਖਣ ਦੇ ਵੱਖ-ਵੱਖ ਵਿਊਜ਼ ਇਸ ਪ੍ਰਕਾਰ ਹਨ:

1. ਪ੍ਰਿੰਟ ਲੇਆਉਟ ਵਿਉ: ਇਹ ਵਿਉ ਡਾਕੂਮੈਂਟ ਨੂੰ ਠੀਕ ਉਸੇ ਤਰ੍ਹਾਂ ਦਿਖਾਵੇਗਾ ਜਿਸ ਤਰ੍ਹਾਂ ਉਹ ਪ੍ਰਿੰਟ ਹੋਣ ਤੋਂ ਬਾਅਦ ਦਿਖਾਈ ਦੇਵੇਗਾ।
2. ਫੂਲ ਸਕ੍ਰੀਨ ਲੇਆਉਟ ਵਿਉ: ਇਹ ਵਿਉ ਡਾਕੂਮੈਂਟ ਨੂੰ ਪੂਰੀ ਸਕ੍ਰੀਨ ਉਪਰ ਦਿਖਾਉਂਦਾ ਹੈ ਤਾਂ ਕਿ ਡਾਕੂਮੈਂਟ ਨੂੰ ਆਸਾਨੀ ਨਾਲ ਪੜ੍ਹਿਆ ਜਾ ਸਕੇ।
3. ਵੈਬ ਲੇਆਉਟ ਵਿਉ: ਇਹ ਵਿਉ ਡਾਕੂਮੈਂਟ ਨੂੰ ਠੀਕ ਉਸ ਤਰ੍ਹਾਂ ਦਿਖਾਵੇਗਾ ਜਿਸ ਤਰ੍ਹਾਂ ਉਹ ਵੈਬ ਪੇਜ਼ ਦੇ ਰੂਪ ਵਿਚ ਵੈਬ-ਬ੍ਰਾਉਜ਼ਰ ਵਿਚ ਦਿਖਾਈ ਦੇਵੇਗਾ।
4. ਆਉਟਲਾਈਨ ਵਿਉ: ਇਹ ਵਿਉ ਡਾਕੂਮੈਂਟ ਦੀ ਆਉਟਲਾਈਨ ਦਿਖਾਉਂਦਾ ਹੈ।
5. ਡਰਾਫਟ ਵਿਉ: ਇਸ ਵਿਉ ਦੀ ਮਦਦ ਨਾਲ ਡਾਕੂਮੈਂਟ ਨੂੰ ਤੇਜੀ ਨਾਲ ਐਡੀਟ ਕੀਤਾ ਜਾ ਸਕਦਾ ਹੈ।




**ਪ੍ਰ:3. ਐਮ.ਐਸ. ਵਰਡ ਵਿਚ ਨਵੀਂ ਫਾਈਲ ਕਿਵੇਂ ਬਣਾਈ ਅਤੇ ਸੇਵ ਕੀਤੀ ਜਾਂਦੀ ਹੈ?**


ਉ: ਐਮ. ਐਸ. ਵਰਡ ਵਿਚ ਨਵੀਂ ਫਾਈਲ ਬਨਾਉਣ ਅਤੇ ਸੇਵ ਕਰਨ ਦੇ ਸਟੈਪ ਹੇਠਾਂ ਦਿਤੇ ਗਏ ਹਨ:

**ਨਵੀਂ ਫਾਈਲ ਬਨਾਉਣ ਦੇ ਸਟੈਪ:**

1. ਨਵੀਂ ਫਾਈਲ ਬਨਾਉਣ ਲਈ ਸ਼ਾਰਟਕੱਟ ਕੀਅ Ctrl + N ਨੂੰ ਪ੍ਰੈਸ ਕਰੋ।

**ਨਵੀਂ ਫਾਈਲ ਨੂੰ ਸੇਵ ਕਰਨ ਦੇ ਸਟੈਪ:**

1. ਫਾਈਲ ਸੇਵ ਕਰਨ ਲਈ ਸ਼ਾਰਟਕੱਟ ਕੀਅ Ctrl+S ਨੂੰ ਪ੍ਰੈਸ ਕਰੋ।
2. Save As... ਡਾਇਲਾਗ ਬਾਕਸ ਓਪਨ ਹੋਵੇਗਾ।
3. ਇਸ ਡਾਇਲਾਗ ਬਾਕਸ ਵਿਚ ਫਾਈਲ ਦਾ ਨਾਂ ਟਾਈਪ ਕਰੋ।
4. Save ਬਟਨ ਉਪਰ ਕਲਿੱਕ ਕਰੋ।




## ਪਾਠ 4
## ਐਮ.ਐਸ. ਵਰਡ (ਭਾਗ-2)

### ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:

**1. ਪੂਰੇ ਵਰਡ ਨੂੰ ਚੁਣਨ ਲਈ ਉਸ ਉੱਤੇ ___________ ਕਲਿੱਕ ਕਰੋ।**

ੳ. ਸਿੰਗਲ (ਇਕ ਵਾਰ)   ਅ. ਡਬਲ (ਦੋ ਵਾਰ)   ੲ. ਟਰਿਪਲ (ਤਿੰਨ ਵਾਰ)   ਸ. ਇਹਨਾਂ ਵਿਚੋਂ ਕੋਈ ਨਹੀਂ

**2. ________ ਗਰੁੱਪ ਸਾਨੂੰ ਟੈਕਸਟ ਫੌਂਟ, ਸਟਾਇਲ, ਸਾਈਜ਼, ਰੰਗ ਅਤੇ ਹੋਰ ਕਈ ਚੀਜਾਂ ਬਦਲਣ ਦੀ ਇਜਾਜ਼ਤ ਦਿੰਦਾ ਹੈ।**

ੳ. ਫੌਂਟ (Font)   ਅ. ਪੈਰਾਗ੍ਰਾਫ (Paragraph)   ੲ. ਸਟਾਈਲ (Style)   ਸ. ਐਡੀਟਿੰਗ (Editing)

**3. __________ ਦਾ ਮਤਲਬ ਹੈ – ਅੱਖਰਾਂ ਨੂੰ ਲਿਖਦੇ ਹੋਏ ਉਸ ਦੇ ਨਿੱਚੇ (ਹੇਠਾਂ) ਲਾਈਨ ਖਿਚਣਾ।**

ੳ. ਬੋਲਡ (Bold)   ਅ. ਇਟੈਲਿਕ (Italic)   ੲ. ਅੰਡਰਲਾਈਨ (Underline)   ਸ. ਇਹਨਾਂ ਵਿਚੋਂ ਕੋਈ ਨਹੀਂ

**4. __________ ਆਪਸ਼ਨ ਦੀ ਵਰਤੋਂ ਕਰਕੇ ਟੈਕਸਟ ਵਿਕ ਹਾਈਲਾਈਟਰ ਪੈਨ ਨਾਲ ਮਾਰਕ ਕੀਤਾ ਹੋਇਆ ਨਜ਼ਰ ਆਉਂਦਾ ਹੈ।**

ੳ. ਫੌਂਟ ਕਲਰ   ਅ. ਟੈਕਸਟ ਕਲਰ   ੲ. ਟੈਕਸਟ ਹਾਈਲਾਈਟ ਕਲਰ   ਸ. ਉਪਰੋਕਤ ਸਾਰੇ

**5. ਸ਼ੇਪ ਨੂੰ ਦਾਖਲ ਕਰਨ ਉਪਰੰਤ ਇਕ ਨਵਾਂ ਟੈਬ ਦਿਖਾਈ ਦਿੰਦਾ ਹੈ ਜਿਸਨੂੰ _________ ਕਿਹਾ ਜਾਂਦਾ ਹੈ।**

ੳ. ਡਰਾਇੰਗ ਟੂਲ ਫਾਰਮੇਟ   ਅ. ਸ਼ੇਪ ਟੂਲ ਫਾਰਮੇਟ   ੲ. ਡਰਾਇੰਗ ਸ਼ੇਪ ਫਾਰਮੇਟ   ਸ. ਇਹਨਾਂ ਵਿਚੋਂ ਕੋਈ ਨਹੀਂ

**ਪ੍ਰਸ਼ਨ:2 ਹੇਠ ਲਿਖੇ ਕੰਮਾਂ ਦੀਆਂ ਸ਼ਾਰਟਕੱਟ ਕੀਅਜ਼ ਲਿਖੋ:**

| | | |
|---|---|---|
| 1. | ਸਿਲੈਕਟ ਕੀਤੇ ਟੈਕਸਟ ਨੂੰ ਕੱਟ ਕਰਨ ਲਈ | Ctrl + X |
| 2. | ਕੱਟ ਜਾਂ ਕਾਪੀ ਕੀਤੇ ਟੈਕਸਟ ਨੂੰ ਕਾਪੀ ਕਰਨ ਲਈ | Ctrl + V |
| 3. | ਫੌਂਟ ਸਾਈਜ਼ ਵੱਡਾ ਕਰਨ ਲਈ | Ctrl + ] |
| 4. | ਟੈਕਸਟ ਨੂੰ ਅੰਡਰਲਾਈਨ ਕਰਨ ਲਈ | Ctrl + U |
| 5. | ਸਿਲੈਕਟ ਕੀਤੇ ਟੈਕਸਟ ਦਾ ਕੇਸ ਚੇਂਜ ਕਰਨ ਲਈ | Shift +F3 |
| 6. | ਸੈਂਟਰ ਅਲਾਈਨਮੈਂਟ ਕਰਨ ਲਈ | Ctrl + E |
| 7. | ਡਬਲ ਲਾਈਨ ਸਪੇਸਿੰਗ ਸੈਟ ਕਰਨ ਲਈ | Ctrl + 2 |
| 8. | ਟੈਕਸਟ ਨੂੰ ਰਿਪਲੇਸ ਕਰਨ ਲਈ | Ctrl + H |
| 9. | ਆਖਰੀ ਆਪਰੇਸ਼ਨ ਨੂੰ ਅਨਡੂ ਕਰਨ ਲਈ | Ctrl + Z |
| 10. | ਪੇਜ਼ ਬ੍ਰੇਕ ਦਾਖਲ ਕਰਨ ਲਈ | Ctrl + Enter |

**ਪ੍ਰਸ਼ਨ:3 ਛੋਟੇ ਉਤਰਾਂ ਵਾਲੇ ਪ੍ਰਸ਼ਨ:**

**ਪ੍:1 ਅਨਡੂ (UNDO) ਕਮਾਂਡ ਬਾਰੇ ਲਿਖੋ।**

ਉ: ਜੇਕਰ ਡਾਕੂਮੈਂਟ ਵਿਚ ਟੈਕਸਟ ਨੂੰ ਐਡਿਟ ਕਰਨ ਵੇਲੇ ਕੋਈ ਗਲਤੀ ਹੋ ਜਾਵੇ ਤਾਂ Quick Access Toolbar ਵਿਚੋਂ Undo ਕਮਾਂਡ ਤੇ ਕਲਿੱਕ ਕਰਕੇ ਅਸੀਂ ਉਸ ਗਲਤੀ ਨੂੰ ਠੀਕ ਕਰ ਸਕਦੇ ਹਾਂ। ਅਜਿਹਾ ਕਰਨ ਨਾਲ ਡਾਕੂਮੈਂਟ ਵਿਚ ਸਾਡੇ ਵੱਲੋਂ ਸਭ ਤੋਂ ਆਖਿਰ ਵਿਚ ਕੀਤਾ ਗਿਆ ਬਦਲਾਵ ਖਤਮ ਹੋ ਜਾਵੇਗਾ। ਸ਼ਾਰਟਕੱਟ ਕੀਅ Ctrl+Z ਦੀ ਵਰਤੋਂ ਨਾਲ ਵੀ Undo ਕਮਾਂਡ ਲਾਗੂ ਕੀਤੀ ਜਾ ਸਕਦੀ ਹੈ।





**ਪ੍:2 ਤਿੰਨ੍ਹ ਮੁੱਖ ਫੌਂਟ ਸਟਾਇਲ ਕਿਹੜੇ ਹਨ?**

ਉ: ਤਿੰਨ੍ਹ ਮੁੱਖ ਫੌਂਟ ਸਟਾਇਲ ਹਨ:

1. ਬੋਲਡ (BOLD)
2. ਇਟੈਲਿਕ (ITALIC)
3. ਅੰਡਰਲਾਈਨ (UNDERLINE)




**ਪ੍:3 ਐਮ.ਐਸ. ਵਰਡ ਵਿਚ ਹੈਡਰ ਅਤੇ ਫੁਟਰ ਕੀ ਹੁੰਦੇ ਹਨ?**


ਉ: ਹੈਡਰ ਸਾਡੇ ਡਾਕੂਮੈਂਟ ਦਾ ਉਹ ਭਾਗ ਹੁੰਦਾ ਹੈ ਜੋ ਸਾਡੇ ਡਾਕੂਮੈਂਟ ਦੇ ਟੋਪ ਮਾਰਜਨ (Top Margin) ਵਿਚ ਦਿਖਾਈ ਦਿੰਦਾ ਹੈ, ਜਦੋਂ ਕਿ ਫੁਟਰ ਭਾਗ ਪੇਜ਼ ਦੇ ਬਾਟਮ ਮਾਰਜਨ (Bottom Margin) ਵਿਚ ਦਿਖਾਈ ਦਿੰਦਾ ਹੈ। ਹੈਡਰ ਅਤੇ ਫੁਟਰ ਵਿਚ ਆਮ ਤੋਰ ਤੇ ਪੇਜ਼ ਨੰਬਰ, ਮਿਤੀ, ਲੇਖਕ ਦਾ ਨਾਂ ਆਦਿ ਜਾਣਕਾਰੀ ਸ਼ਾਮਿਲ ਕੀਤੀ ਜਾਂਦੀ ਹੈ। ਹੈਡਰ ਅਤੇ ਫੁਟਰ ਵਿਚ ਲਿਖਿਆ ਟੈਕਸਟ ਡਾਕੂਮੈਂਟ ਦੇ ਹਰੇਕ ਪੇਜ਼ ਉਪਰ ਦਿਖਾਈ ਦਿੰਦਾ ਹੈ। ਹੈਡਰ ਅਤੇ ਫੁਟਰ ਦਾਖਲ ਕਰਨ ਲਈ ਇਨਸਰਟ (Insert) ਟੈਬ ਦੀ ਵਰਤੋਂ ਕੀਤੀ ਜਾਂਦੀ ਹੈ।




**ਪ੍:4 ਐਮ.ਐਸ. ਵਰਡ ਵਿਚ ਕੇਸ ਬਦਲਣ (Change Case) ਦੇ ਕਿੰਨ੍ਹੇ ਆਪਸ਼ਨ ਹਨ? ਉਨ੍ਹਾਂ ਦੇ ਨਾਮ ਲਿਖੋ।**

ਉ: ਐਮ.ਐਸ. ਵਰਡ ਵਿਚ ਕੇਸ ਬਦਲਣ ਦੀਆਂ 5 ਆਪਸ਼ਨਾਂ ਹੁੰਦੀਆਂ ਹਨ, ਜਿਹਨਾਂ ਦੇ ਨਾਂ ਇਸ ਪ੍ਰਕਾਰ ਹਨ:


- Sentence case,
- Lowercase,
- UPPERCASE,
- Capitalize Each Word ਅਤੇ
- Toggle case




**ਪ੍:5 ਐਮ.ਐਸ. ਵਰਡ ਵਿਚ ਕਿੰਨ੍ਹੇ ਅਲਾਈਨਮੈਂਟ ਹੁੰਦੇ ਹਨ? ਉਨ੍ਹਾਂ ਦੇ ਨਾਮ ਅਤੇ ਸ਼ਾਰਟਕੱਟ ਕੀਅਜ਼ ਲਿਖੋ।**

ਉ: ਅਲਾਈਨਮੈਂਟ ਪੈਰਾਗ੍ਰਾਫ ਦੇ ਕਿਨਾਰਿਆਂ ਦੀ ਦਿੱਖ ਅਤੇ ਓਰੀਐਂਟੇਸ਼ਨ ਨਿਰਧਾਰਿਤ ਕਰਦੀ ਹੈ। ਵਰਡ ਵਿਚ ਹੇਠਾਂ ਲਿਖੇ ਅਨੁਸਾਰ 4 ਕਿਸਮਾਂ ਦੀ ਅਲਾਈਨਮੈਂਟ ਮੌਜੂਦ ਹੁੰਦੀ ਹੈ:

- ਲੈਫਟ (Left) ਅਲਾਈਨਮੈਂਟ - Ctrl+L ਸ਼ਾਰਟਕੱਟ ਕੀਅ
- ਸੈਂਟਰ (Center) ਅਲਾਈਨਮੈਂਟ - Ctrl+E ਸ਼ਾਰਟਕੱਟ ਕੀਅ
- ਰਾਈਟ (Right) ਅਲਾਈਨਮੈਂਟ - Ctrl+R ਸ਼ਾਰਟਕੱਟ ਕੀਅ
- ਜਸਟੀਫਾਈਡ (Justified) ਅਲਾਈਨਮੈਂਟ - Ctrl+J ਸ਼ਾਰਟਕੱਟ ਕੀਅ




ਟੈਕਸਟ ਅਲਾਈਨਮੈਂਟਸ ਦੀਆਂ ਉਦਾਹਰਣਾਂ

**ਪ੍ਰ:6 ਐਮ.ਐਸ. ਵਰਡ ਵਿਚ ਪੇਜ਼ ਬ੍ਰੇਕ ਕਿਵੇਂ ਦਾਖਲ ਕਰ ਸਕਦੇ ਹਾਂ?**

ਉ: ਐਮ.ਐਸ. ਵਰਡ ਵਿਚ ਪੇਜ਼ ਬ੍ਰੇਕ ਦੀ ਵਰਤੋਂ ਡਾਕੂਮੈਂਟ ਵਿਚ ਨਵਾਂ ਪੇਜ਼ ਦਾਖਲ ਕਰਨ ਲਈ ਕੀਤੀ ਜਾਂਦੀ ਹੈ। ਐਮ.ਐਸ. ਵਰਡ ਵਿਚ ਪੇਜ਼ ਬ੍ਰੇਕ ਦਾਖਲ ਕਰਨ ਲਈ ਸ਼ਾਰਟਕੱਟ ਕੀਅ Ctrl + Enter ਦੀ ਵਰਤੋਂ ਕੀਤੀ ਜਾ ਸਕਦੀ ਹੈ। Insert ਟੈਬ ਦੀ ਵਰਤੋਂ ਨਾਲ ਵੀ ਪੇਜ਼ ਬ੍ਰੇਕ ਦਾਖਲ ਕੀਤਾ ਜਾ ਸਕਦਾ ਹੈ।

## ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**ਪ੍ਰ:1 ਐਮ.ਐਸ. ਵਰਡ ਵਿਚ Home ਟੈਬ ਦੇ Clipboard ਗਰੁੱਪ ਦੀਆਂ ਆਪਸ਼ਨਾਂ ਸੰਬੰਧੀ ਜਾਣਕਾਰੀ ਦਿਓ।**

ਉ: ਕਲਿੱਪਬੋਰਡ (Clipboard) ਗਰੁੱਪ ਮਾਈਕਰੋਸਾਫਟ ਆਫਿਸ ਦੇ Home ਟੈਬ ਦਾ ਸਭ ਤੋਂ ਪਹਿਲਾ ਗਰੁੱਪ ਹੁੰਦਾ ਹੈ। ਇਸ ਗਰੁੱਪ ਵਿਚ 4 ਆਪਸ਼ਨਾਂ ਹੁੰਦੀਆਂ ਹਨ:


- **Paste (ਪੇਸਟ)**: ਇਸਦੀ ਵਰਤੋਂ ਕਾਪੀ/ਕੱਟ ਕੀਤੇ ਕੰਟੈਂਟਸ ਨੂੰ ਪੇਸਟ ਕਰਨ ਲਈ ਕੀਤੀ ਜਾਂਦੀ ਹੈ।
- **Copy (ਕਾਪੀ)**: ਇਸਦੀ ਵਰਤੋਂ ਸਿਲੈਕਟ ਕੀਤੇ ਕੰਟੈਂਟਸ ਨੂੰ ਕਾਪੀ ਕਰਨ ਲਈ ਕੀਤੀ ਜਾਂਦੀ ਹੈ।
- **Cut (ਕੱਟ)**: ਇਸਦੀ ਵਰਤੋਂ ਸਿਲੈਕਟ ਕੀਤੇ ਕੰਟੈਂਟਸ ਨੂੰ ਮੂਵ/ਕੱਟ ਕਰਨ ਲਈ ਕੀਤੀ ਜਾਂਦੀ ਹੈ।
- **Format Painter (ਫਾਰਮੇਟ ਪੇਂਟਰ)**: ਇਸਦੀ ਵਰਤੋਂ ਸਿਲੈਕਟ ਕੀਤੇ ਟੈਕਸਟ ਉਪਰ ਲਾਗੂ ਕੀਤੀ ਹੋਈ ਫਾਰਮੇਟਿੰਗ ਕਾਪੀ ਕਰਨ ਲਈ ਕੀਤੀ ਜਾਂਦੀ ਹੈ।




**ਪ੍ਰ:2 ਐਮ.ਐਸ. ਵਰਡ ਵਿਚ Home ਟੈਬ ਦੇ Font ਗਰੁੱਪ ਵਿਚ ਮੌਜੂਦ ਆਪਸ਼ਨਾਂ ਸੰਬੰਧੀ ਜਾਣਕਾਰੀ ਦਿਓ।**


ਉ: Home ਟੈਬ ਦਾ Font ਗਰੁੱਪ ਡਾਕੂਮੈਂਟ ਟੈਕਸਟ ਨੂੰ ਫਾਰਮੇਟ ਕਰਨ ਲਈ ਵਰਤਿਆ ਜਾਂਦਾ ਹੈ। ਫਾਰਮੇਟਿੰਗ ਸਾਡੇ ਡਾਕੂਮੈਂਟ ਦੀ ਦਿੱਖ ਨੂੰ ਬਦਲਣ ਵਿਚ ਸਾਡੀ ਸਹਾਇਤਾ ਕਰਦੀ ਹੈ। ਇਸ ਗਰੁੱਪ ਦੀਆਂ ਮੁੱਖ ਆਪਸ਼ਨਾ ਇਸ ਪ੍ਰਕਾਰ ਹਨ:

- ਫੌਂਟ ਫੇਸ ਅਤੇ ਫੌਂਟ ਸਾਈਜ਼ (Font Face and Font Size):
- ਫੌਂਟ ਸਟਾਈਲ - ਬੋਲਡ, ਇਟੈਲਿਕ, ਅੰਡਰਲਾਈਨ (Font style – Bold, Italic, Underline)
- ਫੌਂਟ ਕਲਰ (Font Color)
- ਟੈਕਸਟ ਹਾਈਲਾਈਟ ਕਲਰ (Text Highlight color)
- ਟੈਕਸਟ ਇਫੈਕਟਸ (Text Effects)
- ਚੇਜ਼ ਟੈਕਸਟ ਕੇਸ (Change Text Case)




**ਪ੍ਰ:3 ਵਰਡ ਆਰਟ ਕੀ ਹੈ? ਵਰਡ ਆਰਟ ਨੂੰ ਡਾਕੂਮੈਂਟ ਵਿਚ ਕਿਵੇਂ ਦਾਖਲ ਕੀਤਾ ਜਾਂਦਾ ਹੈ?**

ਉ: ਡਾਕੂਮੈਂਟ ਵਿਚ ਵਰਡਆਰਟ ਦੀ ਵਰਤੋਂ ਸਪੈਸ਼ਲ ਟੈਕਸਟ-ਇਫੈਕਟ ਦਾਖਲ ਕਰਨ ਲਈ ਕੀਤੀ ਜਾਂਦੀ ਹੈ। ਜਦੋਂ ਅਸੀਂ ਆਪਣੇ ਡਾਕੂਮੈਂਟ ਵਿਚ ਵਰਡਆਰਟ ਦਾਖਲ ਕਰਦੇ ਹਾਂ ਤਾਂ ਇਹ ਇਕ ਆਬਜੈਕਟ (Object) ਬਣ ਜਾਂਦਾ ਹੈ। ਵਰਡ ਆਰਟ ਦੀ ਵਰਤੋਂ ਡਾਕੂਮੈਂਟ ਦੀ ਸਜਾਵਟ ਲਈ ਜਾਂ ਦਰਸ਼ਕਾਂ ਦਾ ਵਿਸ਼ੇਸ਼ ਧਿਆਨ ਖਿੱਚਣ ਲਈ ਕੀਤੀ ਜਾਂਦੀ ਹੈ। Insert ਟੈਬ ਦੇ Text ਗਰੁੱਪ ਵਿਚ WordArt ਆਪਸ਼ਨ ਤੇ ਕਲਿੱਕ ਕਰਕੇ ਅਸੀਂ ਆਪਣੇ ਡਾਕੂਮੈਂਟ ਵਿਚ ਵਰਡਆਰਟ ਦਾਖਲ ਕਰ ਸਕਦੇ ਹਾਂ।




## ਪਾਠ-5
## ਐਮ. ਐਸ. ਵਰਡ (ਭਾਗ-3)

### ਪ੍ਰਸ਼ਨ:1 ਬਹੁਮੰਦੀ ਪ੍ਰਸ਼ਨ:

1. ਤਸਵੀਰ ਨੂੰ ਸਿਲੈਕਟ ਕਰਨ ਉਪਰੰਤ ________ ਟੈਬ ਦਿਖਾਈ ਦਿੰਦਾ ਹੈ।

ੳ. ਫਾਰਮੈਟ (Format)   ਅ. ਪੇਜ਼ ਲੇਅ-ਆਊਟ (Page Layout)   ੲ. ਇਨਸਰਟ (Insert)   ਸ. ਵਿਊ (View)

2. ਅਸੀਂ ਰੈਪ ਟੈਕਸਟ ਕਰਦੇ ਹੋਏ _______ ਆਪਸ਼ਨ ਵਰਤ ਸਕਦੇ ਹਾਂ।

ੳ. ਸਕੇਅਰ (Square)   ਅ. ਬਿਹਾਇੰਡ ਟੈਕਸਟ (Behind Text)   ੲ. ਟਾਈਟ (Tight)   ਸ. ਉਪਰੋਕਤ ਸਾਰੇ

3. ਤਸਵੀਰ ਦੇ ਕਿਸੇ ਬੇਲੋੜੀਂਦੇ ਹਿੱਸੇ ਨੂੰ ਹਟਾਉਣ ਲਈ _______ ਆਪਸ਼ਨ ਦੀ ਵਰਤੋਂ ਕੀਤੀ ਜਾਂਦੀ ਹੈ।

ੳ. ਕਰਾਪ (Crop)   ਅ. ਰੋਟੇਟ (Rotate)   ੲ. ਗਰੁੱਪ (Group)   ਸ. ਕੰਪਰੈਸ (Compress)

4. Format ਟੈਬ ਦੇ Adjust ਗਰੁੱਪ ਵਿਚ ਹੇਠ ਲਿਖਿਆਂ ਵਿਚੋਂ ______ ਆਪਸ਼ਨ ਮੌਜੂਦ ਨਹੀਂ ਹੁੰਦੀ।

ੳ. Corrections   ਅ. Remove Background   ੲ. Artistic Effects   ਸ. Picture Styles

5. ਅਸੀਂ ਅੱਖਰਾਂ ਦੀ ਗਿਣਤੀ ਨੂੰ ਵਿੰਡੋ ਦੇ ਹੇਠਲੇ ਪਾਸੇ ________ ਬਾਰ ਵਿਚ ਲੱਭ ਸਕਦੇ ਹਾਂ।

ੳ. ਟਾਸਕਬਾਰ   ਅ. ਸਟੇਟਸ ਬਾਰ   ੲ. ਟਾਈਟਲ ਬਾਰ   ਸ. ਸਕਰੋਲ ਬਾਰ

**ਪ੍ਰਸ਼ਨ:2 ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ।**

**ਪ੍ਰ:1 ਕਿਹੜਾ ਆਪਸ਼ਨ ਟੈਕਸਟ ਨੂੰ ਦੋ ਜਾਂ ਵੱਧ ਭਾਗਾਂ ਵਿਚ ਵੰਡਦਾ ਹੈ?**

ਉ: Page Layout ਵਿਚ Columns ਆਪਸ਼ਨ

**ਪ੍ਰ:2 ਕਿਹੜੀ ਪੇਜ਼ ਓਰੀਐਂਟੇਸ਼ਨ ਪੇਜ਼ ਨੂੰ ਹੋਰੀਜੈਂਟਲੀ (ਲੇਟਵੀਂ) ਦਿਸ਼ਾ ਵਿਚ ਸੈਟ ਕਰਦੀ ਹੈ?**

ਉ: Landscape ਓਰੀਐਂਟੇਸ਼ਨ

**ਪ੍ਰ:3 ਕਿਸ ਆਪਸ਼ਨ ਦੀ ਮਦਦ ਨਾਲ ਦੋ ਜਾਂ ਵੱਧ ਤਸਵੀਰਾਂ ਇਸ ਤਰ੍ਹਾਂ ਇਕਠੀਆਂ ਹੋ ਜਾਂਦੀਆਂ ਹਨ ਜਿਵੇਂ ਕਿ ਉਹ ਇਕ ਹੀ ਓਬਜੈਕਟ ਹੋਵੇ?**


ਉ: Group ਆਪਸ਼ਨ

**ਪ੍ਰ:4 ਐਮ.ਐਸ. ਵਰਡ ਦੀ ਕਿਹੜੀ ਆਪਸ਼ਨ ਦੀ ਵਰਤੋਂ ਨਾਲ ਪਿਕਚਰ ਦੇ ਰੰਗਾਂ ਨੂੰ ਬਦਲਿਆ ਜਾ ਸਕਦਾ ਹੈ?**

ਉ: Format → Color → Recolor ਆਪਸ਼ਨ

**ਪ੍ਰ:5 ਐਮ.ਐਸ. ਵਰਡ ਦੀ ਕਿਹੜੀ ਆਪਸ਼ਨ ਦੀ ਵਰਤੋਂ ਸ਼ਬਦਾਂ ਦੀ ਗਿਣਤੀ ਕਰਨ ਲਈ ਕੀਤੀ ਜਾਂਦੀ ਹੈ?**

ਉ: Word Count




**ਪ੍ਰਸ਼ਨ:3 ਖਾਲੀ ਥਾਵਾਂ ਭਰੋ।**

I. ਪੇਜ਼ ਦੀ ਓਰੀਐਂਟੇਸ਼ਨ ____________ ਕਿਸਮਾਂ ਦੀ ਹੁੰਦੀ ਹੈ।

II. ___________ ਨਾਲ ਸੰਬੰਧਤ ਗਲਤੀ ਨੂੰ ਗਲਤ ਸ਼ਬਦ ਹੇਠਾਂ ਲਾਲ ਰੰਗ ਦੀ ਵੇਵੀ ਲਾਈਨ ਦੁਆਰਾ ਦਰਸਾਇਆ ਜਾਂਦਾ ਹੈ।

III. _________ ਪੇਜ਼ ਦੇ ਕਿਨਾਰਿਆਂ ਦੇ ਆਲੇ-ਦੁਆਲੇ ਪਈ ਖਾਲੀ ਥਾਂ ਹੁੰਦੀ ਹੈ।

IV. ____________ ਟੈਕਸਟ ਜਾਂ ਤਸਵੀਰਾਂ ਹੁੰਦੀਆਂ ਹਨ ਜੋ ਡਾਕੂਮੈਂਟ ਟੈਕਸਟ ਦੇ ਪਿੱਛੇ ਨਜ਼ਰ ਆਉਂਦੀਆਂ ਹਨ।

ਉੱਤਰ: I. ਦੋ II. ਸਪੈਲਿੰਗ III. ਮਾਰਜਨ IV. ਵਾਟਰਮਾਰਕ


**ਪ੍ਰਸ਼ਨ:4 ਛੋਟੇ ਉੱਤਰਾਂ ਵਾਲੇ ਪ੍ਰਸ਼ਨ।**

**ਪ੍ਰ:1 ਮਾਰਜਨ (Margin) ਕੀ ਹੁੰਦੇ ਹਨ?**

ਉ: ਪੇਜ਼ ਮਾਰਜਨ ਪੇਜ਼ ਦੇ ਕਿਨਾਰਿਆਂ ਦੇ ਆਲੇ-ਦੁਆਲੇ ਛੱਡੀ ਗਈ ਖਾਲੀ ਥਾਂ ਹੁੰਦੀ ਹੈ। ਅਸੀਂ ਮਾਰਜਨ ਵਿਚ ਹੈਡਰਜ਼, ਫੁਟਰਜ਼ ਅਤੇ ਪੇਜ਼ ਨੰਬਰ ਆਦਿ ਵੀ ਦਾਖਲ ਕਰ ਸਕਦੇ ਹਾਂ। ਡਾਕੂਮੈਂਟ ਦਾ ਮਾਰਜਨ ਸੈਟ ਕਰਨ ਲਈ ਅਸੀਂ Page layout ਟੈਬ ਵਿਚ Margins ਆਪਸ਼ਨ ਦੀ ਵਰਤੋਂ ਕਰ ਸਕਦੇ ਹਾਂ। ਮਾਰਜਿਨ ਪੇਜ਼ ਦੇ ਚਾਰੇ ਪਾਸੇ - ਉਪਰ, ਨਿੱਚੇ, ਖੱਬੇ ਅਤੇ ਸੱਜੇ ਪਾਸੇ, ਸੈਟ ਕੀਤੇ ਜਾ ਸਕਦੇ ਹਨ।

**ਪ੍ਰ:2 ਕੰਪਰੈਸ ਪਿਕਚਰ (Compress Picture) ਤੋਂ ਤੁਸੀਂ ਕੀ ਸਮਝਦੇ ਹੋ?**

ਉ: ਕੰਪਰੈਸ ਪਿਕਚਰ ਦੀ ਵਰਤੋਂ ਸਾਡੇ ਡਾਕੂਮੈਂਟ ਵਿਚ ਦਾਖਲ ਕੀਤੀਆਂ ਗਈਆਂ ਤਸਵੀਰਾਂ ਦਾ ਸਾਈਜ਼ ਘਟਾਉਣ ਲਈ ਕੀਤੀ ਜਾਂਦੀ ਹੈ। ਅਜਿਹਾ ਕਰਨ ਨਾਲ ਸਾਡੇ ਡਾਕੂਮੈਂਟ ਦਾ ਸਾਈਜ਼ ਘਟਾਇਆ ਜਾ ਸਕਦਾ ਹੈ। ਐਮ.ਐਸ. ਵਰਡ ਤਸਵੀਰਾਂ ਨੂੰ ਕੰਪਰੈਸ ਕਰਨ ਲਈ ਉਹਨਾਂ ਦੀ ਰੈਜ਼ੋਲਿਊਸ਼ਨ (ਕੁਆਲਟੀ) ਘਟਾ ਦਿੰਦਾ ਹੈ ਅਤੇ ਤਸਵੀਰਾਂ ਦੇ ਕਰਾਪ ਕੀਤੇ ਖੇਤਰ ਨੂੰ ਮਿਟਾ ਦਿੰਦਾ ਹੈ। ਤਸਵੀਰਾਂ ਨੂੰ ਕੰਪਰੈਸ ਕਰਨ ਦੀ ਆਪਸ਼ਨ Picture Tools - Format ਟੈਬ ਵਿਚ ਮੌਜੂਦ ਹੁੰਦੀ ਹੈ।




**ਪ੍ਰ:3 ਰੀਸੈਟ ਪਿਕਚਰ (Reset Picture) ਬਾਰੇ ਲਿਖੋ।**


ਉ: ਜੇਕਰ ਅਸੀਂ ਐਮ.ਐਸ. ਵਰਡ ਵਿਚ ਕਿਸੇ ਤਸਵੀਰ ਵਿਚ ਕੋਈ ਬਦਲਾਵ ਜਾਂ ਫਾਰਮੈਟਿੰਗ ਕਰਦੇ ਹਾਂ ਅਤੇ ਬਾਅਦ ਵਿਚ ਇਹਨਾਂ ਤਸਵੀਰਾਂ ਉਪਰ ਕੀਤੇ ਗਏ ਬਦਲਾਵਾਂ ਜਾਂ ਫਾਰਮੈਟਿੰਗਜ਼ ਨੂੰ ਖਤਮ ਕਰਨਾ ਚਾਹੁੰਦੇ ਹਾਂ ਤਾਂ ਅਸੀਂ ਰੀਸੈਟ ਪਿਕਚਰ ਆਪਸ਼ਨ ਦੀ ਮਦਦ ਨਾਲ ਇਹ ਕੰਮ ਕਰ ਸਕਦੇ ਹਾਂ। ਰੀਸੈਟ ਪਿਕਚਰ ਆਪਸ਼ਨ Picture Tools - Format ਟੈਬ ਵਿਚ ਮੌਜੂਦ ਹੁੰਦੀ ਹੈ।

**ਪ੍ਰ:4 ਕਰਾਪ (Crop) ਆਪਸ਼ਨ ਕੀ ਹੈ?**

ਉ: ਐਮ.ਐਸ. ਵਰਡ ਵਿਚ ਕਰਾਪ ਆਪਸ਼ਨ ਦੀ ਵਰਤੋਂ ਨਾਲ ਸਿਲੈਕਟ ਕੀਤੀ ਤਸਵੀਰ ਦੇ ਬੇਲੋੜੇ ਹਿੱਸੇ ਨੂੰ ਹਟਾਇਆ ਜਾ ਸਕਦਾ ਹੈ। ਇਹ ਆਪਸ਼ਨ Picture Tools – Format ਟੈਬ ਵਿਚ ਮੋਜੁਦ ਹੁੰਦੀ ਹੈ। ਇਸ ਆਪਸ਼ਨ ਨੂੰ ਕਲਿੱਕ ਕਰਨ ਤੋਂ ਬਾਅਦ ਸਿਲੈਕਟ ਕੀਤੀ ਤਸਵੀਰ ਦੇ ਕਿਨਾਰਿਆ ਉਪਰ ਕਰਾਪ ਹੈਂਡਲ ਬਣ ਜਾਂਦੇ ਹਨ ਜਿਨ੍ਹਾਂ ਦੀ ਮਦਦ ਨਾਲ ਤਸਵੀਰ ਨੂੰ ਆਸਾਨੀ ਨਾਲ ਕਰਾਪ ਕੀਤਾ ਜਾ ਸਕਦਾ ਹੈ।

**ਪ੍ਰ:5 ਓਰੀਐਂਟੇਸ਼ਨ (Orientation) ਤੋਂ ਤੁਸੀਂ ਕੀ ਸਮਝਦੇ ਹੋ।**

ਉ: ਓਰੀਐਂਟੇਸ਼ਨ ਆਪਸ਼ਨ ਸਾਡੇ ਡਾਕੂਮੈਂਟ ਦੇ ਪੇਜ਼ ਦੀ ਖੜਵੀਂ ਜਾਂ ਲੇਟਵੀਂ ਦਿਸ਼ਾ ਨੂੰ ਨਿਰਧਾਰਿਤ ਕਰਦੀ ਹੈ। ਐਮ ਐਸ ਵਰਡ ਵਿਚ ਹੇਠਾਂ ਲਿਖੀਆਂ ਦੋ ਕਿਸਮਾਂ ਦੀ ਪੇਜ਼ ਓਰੀਐਂਟੇਸ਼ਨ ਸੈਟ ਕੀਤੀ ਜਾ ਸਕਦੀ ਹੈ:




- ਪੋਰਟਰੇਟ ਓਰੀਐਂਟੇਸ਼ਨ: ਇਸ ਦਾ ਮਤਲਬ ਹੁੰਦਾ ਹੈ ਪੇਜ਼ ਨੂੰ ਵਰਟੀਕਲ (ਖੜਵੀਂ) ਦਿਸ਼ਾ ਵਿਚ ਸੈਟ ਕਰਨਾ।
- ਲੈਂਡਸਕੇਪ ਓਰੀਐਂਟੇਸ਼ਨ: ਇਸ ਦਾ ਮਤਲਬ ਹੁੰਦਾ ਹੈ ਪੇਜ਼ ਨੂੰ ਹੋਰੀਜੈਂਟਲੀ (ਲੇਟਵੀਂ) ਦਿਸ਼ਾ ਵਿਚ ਸੈਟ ਕਰਨਾ।


ਪ੍ਰ:6 Picture Tools- Format ਟੈਬ ਦੇ Adjust ਗਰੁੱਪ ਵਿਚ ਮੌਜੂਦ ਵੱਖ-ਵੱਖ ਆਪਸ਼ਨਾਂ ਦੇ ਨਾਂ ਲਿਖੋ।

ਉ: Format ਟੈਬ ਵਿਚ ਸਭ ਤੋਂ ਪਹਿਲਾ ਗਰੁੱਪ Adjust ਗਰੁੱਪ ਹੁੰਦਾ ਹੈ। ਇਸ ਵਿਚ ਹੇਠਾਂ ਦਿਤੀਆਂ ਮੁੱਖ ਆਪਸ਼ਨਜ਼ ਹੁੰਦੀਆਂ ਹਨ:

- ਕੁਰੈਕਸ਼ਨਜ਼ (Corrections)
- ਕਲਰ (Color)
- ਆਰਟੀਸਟਿੱਕ ਇਫੈਕਟਸ (Artistic Effects)
- ਕੰਪਰੈਸ ਪਿਕਚਰ (Compress Picture)
- ਚੇਂਜ਼ ਪਿਕਚਰ (Change Picture)
- ਰੀਸੈੱਟ ਪਿਕਚਰ (Reset Picture)
- ਰੀਮੂਵ ਬੈਕਗ੍ਰਾਂਊਂਡ (Remove Background)

## ਪ੍ਰਸ਼ਨ:5 ਵੱਡੇ ਉੱਤਰਾਂ ਵਾਲੇ ਪ੍ਰਸ਼ਨ


ਪ੍ਰ:1 ਵਾਟਰਮਾਰਕ ਕੀ ਹੁੰਦਾ ਹੈ? ਵਰਡ ਡਾਕੂਮੈਂਟ ਵਿਚ ਵਾਟਰਮਾਰਕ ਦਾਖਲ ਕਰਨ ਦੇ ਸਟੈਪ ਲਿਖੋ।



ਉ: ਵਾਟਰਮਾਰਕ (Watermark) ਉਹ ਟੈਕਸਟ ਜਾਂ ਤਸਵੀਰ ਹੁੰਦੀ ਹੈ ਜੋ ਡਾਕੂਮੈਂਟ ਟੈਕਸਟ ਦੇ ਬੈਕਗ੍ਰਾਊਂਡ ਉਪਰ ਨਜ਼ਰ ਆਉਂਦੀ ਹੈ। ਆਮ ਤੋਰ ਤੇ ਇਸਦੀ ਵਰਤੋਂ ਡਾਕੂਮੈਂਟ ਦਾ ਸਟੇਟਸ - ਡਰਾਫਟ (Draft) ਜਾਂ ਕਾਨਫੀਡੈਂਸ਼ੀਅਲ (Confidential) ਆਦਿ ਮਾਰਕ ਕਰਨ ਲਈ ਕੀਤੀ ਜਾਂਦੀ ਹੈ। ਵਰਡ ਵਿਚ ਵਾਟਰਮਾਰਕ ਦਾਖਲ ਕਰਨ ਦੇ ਸਟੈਪ ਇਸ ਪ੍ਰਕਾਰ ਹਨ:


1. Page Layout ਟੈਬ ਤੇ ਕਲਿੱਕ ਕਰੋ।
2. Page Background ਗਰੁੱਪ ਵਿਚ Watermark ਆਪਸ਼ਨ ਤੇ ਕਲਿੱਕ ਕਰੋ।
3. ਆਪਣੀ ਜਰੂਰਤ ਅਨੁਸਾਰ ਵਾਟਰਮਾਰਕ ਦੀ ਚੋਣ ਕਰੋ।

ਪ੍ਰ:2 ਐਮ.ਐਸ. ਵਰਡ ਦੀ ਸਪੈਲਿੰਗ ਅਤੇ ਗਰਾਮਰ ਚੈਕ ਵਿਸ਼ੇਸ਼ਤਾ ਉਪਰ ਨੋਟ ਲਿਖੋ।




ਉ: ਸਪੈਲਿੰਗ ਅਤੇ ਗਰਾਮਰ ਚੈਕ ਵਿਸ਼ੇਸ਼ਤਾ ਐਮ.ਐਸ. ਵਰਡ ਦੀ ਇਕ ਮਹਤਵਪੂਰਣ ਵਿਸ਼ੇਸ਼ਤਾ ਹੈ। ਇਸ ਆਪਸ਼ਨ ਦੀ ਵਰਤੋਂ ਨਾਲ ਅਸੀਂ ਆਪਣੇ ਡਾਕੂਮੈਂਟ ਨੂੰ ਗਲਤੀ-ਰਹਿਤ ਬਣਾ ਸਕਦੇ ਹਾਂ। ਐਮ.ਐਸ. ਵਰਡ ਵਿਚ ਸਪੈਲਿੰਗ ਨਾਲ ਸੰਬੰਧਤ ਗਲਤੀਆਂ ਨੂੰ ਲਾਲ ਰੰਗ ਦੀ ਵੇਵੀ ਲਾਈਨ ਦੁਆਰਾ ਦਰਸ਼ਾਇਆ ਜਾਂਦਾ ਹੈ ਜਦੋਂ ਕਿ ਗਰਾਮਰ ਦੀਆਂ ਗਲਤੀਆਂ ਨੂੰ ਹਰੇ ਰੰਗ ਦੀ ਵੇਵੀ ਲਾਈਨ ਨਾਲ ਦਰਸ਼ਾਇਆ ਜਾਂਦਾ ਹੈ। ਐਮ.ਐਸ. ਵਰਡ ਇਹਨਾਂ ਗਲਤੀਆਂ ਨੂੰ ਠੀਕ ਕਰਨ ਦੀ ਸੁਵਿਧਾ ਵੀ ਪ੍ਰਦਾਨ ਕਰਦਾ ਹੈ। ਇਸ ਕੰਮ ਲਈ Review ਟੈਬ ਵਿਚ Spelling & Grammar ਆਪਸ਼ਨ ਦੀ ਵਰਤੋਂ ਕੀਤੀ ਜਾ ਸਕਦੀ ਹੈ। ਸ਼ਾਰਟਕੱਟ ਕੀਅ F7 ਦੀ ਵਰਤੋਂ ਨਾਲ ਵੀ Spelling & Grammar ਡਾਇਲਗ ਬਾਕਸ ਓਪਨ ਕਰਕੇ ਗਲਤੀਆਂ ਨੂੰ ਠੀਕ ਕੀਤਾ ਜਾ ਸਕਦਾ ਹੈ।

ਪ੍ਰ:3 ਡਾਕੂਮੈਂਟ ਨੂੰ ਪ੍ਰਿੰਟ ਕਰਨ ਦੇ ਸਟੈਪ ਲਿਖੋ।



ਉ: ਜਦੋਂ ਸਾਡਾ ਡਾਕੂਮੈਂਟ ਪੂਰਾ ਹੋ ਜਾਂਦਾ ਹੈ ਤਾਂ ਅਸੀਂ ਪ੍ਰਿੰਟਰ ਦੀ ਵਰਤੋਂ ਨਾਲ ਇਸਨੂੰ ਪ੍ਰਿੰਟ ਵੀ ਕਰ ਸਕਦੇ ਹਾਂ। ਡਾਕੂਮੈਂਟ ਨੂੰ ਪ੍ਰਿੰਟ ਕਰਨ ਦੇ ਸਟੈਪ ਇਸ ਪ੍ਰਕਾਰ ਹਨ:

1. File ਮੀਨੂੰ/ਟੈਬ ਉਪਰ ਕਲਿੱਕ ਕਰੋ।
2. Print ਆਪਸ਼ਨ ਉਪਰ ਕਲਿੱਕ ਕਰੋ, ਪ੍ਰਿੰਟ ਵਿੰਡੋ ਨਜ਼ਰ ਆਵੇਗੀ।
3. ਇਸ ਵਿਚੋਂ ਜਰੂਰਤ ਅਨੁਸਾਰ ਪ੍ਰਿੰਟਿੰਗ ਨਾਲ ਸੰਬੰਧਤ ਆਪਸ਼ਨਾਂ - ਪੇਜਾਂ ਦੀ ਰੇਂਜ਼, ਪ੍ਰਿੰਟ ਕੀਤੀਆਂ ਜਾਣ ਵਾਲੀਆਂ ਕਾਪੀਆਂ ਦੀ ਗਿਣਤੀ ਆਦਿ ਦੀ ਚੋਣ ਕਰੋ।
4. Print ਬਟਨ ਤੇ ਕਲਿੱਕ ਕਰੋ।

# ਪਾਠ 6
## ਐਮ.ਐਸ. ਵਰਡ (ਭਾਗ-4)

## ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:

1. ਵੱਖ-ਵੱਖ ਸੈਲਾਂ ਵਿਚ ਵਿਚ ਅੱਗੇ ਜਾਣ ਲਈ ਟੇਬਲ ਵਿਚ ______ ਕੀਅ ਦੀ ਵਰਤੋਂ ਕੀਤੀ ਜਾਂਦੀ ਹੈ।

ੳ. ਕੰਟਰੋਲ (Ctrl) ਅ. ਸ਼ਿਫਟ (Shift) ੲ. ਟੈਬ (Tab) ਸ. ਹੋਮ (Home)

2. ਟੇਬਲ ਬਟਨ ________ ਟੈਬ ਤੇ ਮੌਜੂਦ ਹੁੰਦਾ ਹੈ।

ੳ. ਹੋਮ (Home) ਅ. ਲੇਅ ਆਊਟ (Layout) ੲ. ਇਨਸਰਟ (Insert) ਸ. ਵਿਊ (View)

3. ਅਸੀਂ ਕਾਲਮ ਦੀ ਚੌੜਾਈ ਟੇਬਲ ਗਰੁੱਪ ਦੇ __________ ਬਟਨ ਤੋਂ ਬਦਲ ਸਕਦੇ ਹਾਂ।

ੳ. ਸਿਲੈਕਟ (Select) ਅ. ਵਿਊ ਗਰਿੱਡ ਲਾਈਨ (View Gridlines) ੲ. ਪ੍ਰਾਪਰਟੀਜ਼ (Properties) ਸ. ਕੋਈ ਨਹੀਂ

4. ਇਕ _________ ਕਾਲਮਜ਼ ਅਤੇ ਰੋਅਜ਼ ਤੋਂ ਮਿਲ ਕੇ ਬਣਿਆ ਹੁੰਦਾ ਹੈ।

ੳ. ਡਾਕੂਮੈਂਟ (Document) ਅ. ਟੇਬਲ (Table) ੲ. ਵਿਊ (View) ਸ. ਡਾਟਾ (Data)

5. ਇਕ __________ ਕਾਲਮਜ਼ ਅਤੇ ਰੋਅਜ਼ ਦੇ ਕਾਟ ਖੇਤਰ (ਇੰਟਰਸੈਕਸ਼ਨ) ਤੋਂ ਬਣਿਆ ਹੁੰਦਾ ਹੈ।

ੳ. ਸੈੱਲ (Cell) ਅ. ਟੇਬਲ (Table) ੲ. ਵਿਊ (View) ਸ. ਡਾਟਾ (Data)

**ਪ੍ਰਸ਼ਨ:2 ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਕਿਸ ਕੀਅ ਨੂੰ ਪ੍ਰੈਸ ਕਰਨ ਨਾਲ ਕਰਸਰ ਟੇਬਲ ਵਿਚ ਅਗਲੇ ਸੈੱਲ ਵਿਚ ਚਲਾ ਜਾਂਦਾ ਹੈ?**

ਉ: Tab ਕੀਅ

**ਪ੍ਰ:2 ਰੋਅ ਅਤੇ ਕਾਲਮ ਦੇ ਕਾਟ ਖੇਤਰ ਨੂੰ ਕੀ ਕਹਿੰਦੇ ਹਨ?**


ਉ: ਸੈੱਲ

**ਪ੍ਰ:3 ਸਪਲਿੱਟ ਸੈੱਲ ਆਪਸ਼ਨ Layout ਟੈਬ ਦੇ ਕਿਹੜੇ ਗਰੁੱਪ ਵਿਚ ਹੁੰਦੀ ਹੈ?**

ਉ: Merge ਗਰੁੱਪ

**ਪ੍ਰ:4 ਕਿਸ ਆਪਸ਼ਨ ਦੀ ਵਰਤੋਂ ਦੋ ਜਾਂ ਵੱਧ ਸੈੱਲਾਂ ਨੂੰ ਜੋੜਨ ਲਈ ਕੀਤੀ ਜਾਂਦੀ ਹੈ?**

ਉ: Merge Cells ਆਪਸ਼ਨ




**ਪ੍ਰਸ਼ਨ:3 ਖਾਲੀ ਥਾਵਾਂ ਭਰੋ।**

I. ______________ ਡਾਟੇ ਨੂੰ ਰੋਅਜ਼ ਅਤੇ ਕਾਲਮਾਂ ਵਿਚ ਲਿਖਣ ਦਾ ਇਕ ਆਸਾਨ ਤਰੀਕਾ ਹੈ।

II. ______________ ਟੈਬ ਦੇ Table ਗਰੁੱਪ ਵਿਚ ਟੇਬਲ ਬਨਾਉਣ ਦੀ ਆਪਸ਼ਨ ਹੁੰਦੀ ਹੈ।


III. ਸੈਲ ਨੂੰ ______________ ਕਰਨ ਦਾ ਅਰਥ ਹੈ ਉਸ ਨੂੰ ਦੋ ਜਾਂ ਦੋ ਤੋਂ ਜਿਆਦਾ ਸੈਲਾਂ ਵਿਚ ਵੰਡਣਾ।

IV. Properties ਬਟਨ ਦੀ ਮਦਦ ਨਾਲ ਟੇਬਲ ਦੀਆਂ ਰੋਅਜ਼, ਕਾਲਮਜ਼ ਅਤੇ __________ ਦਾ ਆਕਾਰ ਬਦਲਿਆ ਜਾ ਸਕਦਾ ਹੈ।


ਉੱਤਰ: I. ਟੇਬਲ II. ਇਨਸਰਟ III. ਸਪਲਿੱਟ IV. ਸੈੱਲ

**ਪ੍ਰਸ਼ਨ:4 ਛੋਟੇ ਉਤਰਾਂ ਵਾਲੇ ਪ੍ਰਸ਼ਨ।**

**ਪ੍ਰ:1 ਟੇਬਲ ਨੂੰ ਪਰਿਭਾਸ਼ਿਤ ਕਰੋ।**




ਉ: ਟੇਬਲ ਡਾਟੇ ਨੂੰ ਰੋਅਜ਼ ਅਤੇ ਕਾਲਮਜ਼ ਵਿਚ ਲਿਖਣ ਦਾ ਇਕ ਆਸਾਨ ਤਰੀਕਾ ਹੈ। ਟੇਬਲ ਦੀ ਵਰਤੋਂ ਅਕਸਰ ਡਾਟਾ ਨੂੰ ਤਰਤੀਵ-ਵਾਰ ਰੂਪ ਵਿਚ ਪੇਸ਼ ਕਰਨ ਲਈ ਕੀਤੀ ਜਾਂਦੀ ਹੈ। ਟੇਬਲ ਰੋਅਜ਼ ਅਤੇ ਕਾਲਮਜ਼ ਦੇ ਮੇਲ ਨਾਲ ਬਣਦਾ ਹੈ।





**ਪ੍ਰ:2 ਵਰਡ ਡਾਕੂਮੈਂਟ ਵਿਚ ਟੇਬਲ ਦਾਖਲ ਕਰਨ ਦੇ ਵੱਖ-ਵੱਖ ਤਰੀਕਿਆਂ ਦੇ ਨਾਂ ਲਿਖੋ।**

ਉ: ਵਰਡ ਡਾਕੂਮੈਂਟ ਵਿਚ ਟੇਬਲ ਦਾਖਲ ਕਰਨ ਦੇ ਵੱਖ-ਵੱਖ ਤਰੀਕੇ ਇਸ ਪ੍ਰਕਾਰ ਹਨ:

- Table ਬਟਨ ਦੀ ਵਰਤੋਂ ਨਾਲ
- Insert Table... ਆਪਸ਼ਨ ਦੀ ਵਰਤੋਂ ਨਾਲ
- Draw Table ਆਪਸ਼ਨ ਦੀ ਵਰਤੋਂ ਨਾਲ


**ਪ੍ਰ:3 ਸਪਲਿੱਟ ਸੈੱਲ ਆਪਸ਼ਨ ਦੀ ਵਰਤੋਂ ਸੰਬੰਧੀ ਦੱਸੋ।**




ਉ: ਟੇਬਲ ਵਿਚ ਸੈੱਲ ਨੂੰ ਸਪਲਿੱਟ ਕਰਨ ਦਾ ਅਰਥ ਹੈ ਉਸਨੂੰ ਦੋ ਜਾਂ ਦੋ ਤੋਂ ਜਿਆਦਾ ਸੈੱਲਾਂ ਵਿਚ ਵੰਡਣਾ। ਸੈਲ ਨੂੰ ਸਪਲਿੱਟ ਕਰਨ ਸੰਬੰਧੀ ਆਪਸ਼ਨ Table Tools ਦੇ Layout ਟੈਬ ਵਿਚ ਮੌਜੂਦ ਹੁੰਦੀ ਹੈ।

**ਪ੍ਰ:4 ਮਰਜਡ ਸੈੱਲ ਆਪਸ਼ਨ ਦੀ ਵਰਤੋਂ ਸੰਬੰਧੀ ਦੱਸੋ।**

ਉ: ਮਰਜ ਸੈਲ ਦਾ ਅਰਥ ਹੈ ਟੇਬਲ ਵਿਚ ਦੋ ਜਾਂ ਦੋ ਤੋਂ ਵੱਧ ਸੈਲਾਂ ਨੂੰ ਇੱਕਠਾ ਕਰਕੇ ਇਕ ਸੈਲ ਬਨਾਉਣਾ। ਸੈਲਾਂ ਨੂੰ ਮਰਜ ਕਰਨ ਸੰਬੰਧੀ ਆਪਸ਼ਨ Table Tools ਦੇ Layout ਟੈਬ ਵਿਚ ਮੌਜੂਦ ਹੁੰਦੀ ਹੈ।




**ਪ੍ਰ:5 ਟੇਬਲ ਸੈੱਲ ਵਿੱਚ ਡਾਟਾ ਕਿਵੇਂ ਭਰਿਆ ਜਾ ਸਕਦਾ ਹੈ?**

ਉ: ਉਸ ਸੈੱਲ ਉਪਰ ਕਲਿੱਕ ਕਰੋ ਜਿਸ ਵਿਚ ਤੁਸੀਂ ਡਾਟਾ ਦਾਖਲ ਕਰਨਾ ਚਾਹੁੰਦੇ ਹੋ। ਹੁਣ ਸੈਲ ਵਿਚ ਡਾਟਾ ਟਾਈਪ ਕਰੋ। ਟੇਬਲ ਦੇ ਅਗਲੇ ਸੈਲ ਵਿਚ ਜਾਣ ਲਈ Tab ਕੀਅ ਜਾਂ ਰਾਈਟ ਐਰੋ (Right Arrow) ਕੀਅ ਦੀ ਵਰਤੋਂ ਕਰੋ। ਇਸੇ ਤਰ੍ਹਾਂ ਕਿਸੇ ਵੀ ਸੈਲ ਤੋਂ ਪਿਛਲੇ ਸੈਲ ਵਿਚ ਜਾਣ ਲਈ Shift+Tab ਕੀਅਜ਼ ਜਾਂ ਲੈਫਟ ਐਰੋ (Left Arrow) ਦੀ ਵਰਤੋਂ ਕਰੋ।


**ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਤੁਸੀਂ ਆਪਣੇ ਡਾਕੂਮੈਂਟ ਵਿਚ ਟੇਬਲ ਕਿਸ ਤਰ੍ਹਾਂ ਇਨਸਰਟ ਕਰੋਗੇ? ਕਿਸੇ ਇਕ ਤਰੀਕੇ ਦਾ ਵਰਨਣ ਕਰੋ।**

ਉ: ਡਾਕੂਮੈਂਟ ਵਿਚ ਟੇਬਲ ਇਨਸਰਟ ਕਰਨ ਦੇ ਕਈ ਤਰੀਕੇ ਹਨ। ਐਮ.ਐਸ. ਵਰਡ ਵਿਚ ਟੇਬਲ ਦਾਖਲ ਕਰਨ ਦਾ ਇਕ ਅਸਾਨ ਤਰੀਕਾ ਹੇਠਾਂ ਦਿੱਤਾ ਗਿਆ ਹੈ:

1. Insert ਟੈਬ ਵਿਚ Table ਬਟਨ ਉਪਰ ਕਲਿੱਕ ਕਰੋ।
2. ਡਰਾਪ ਡਾਊਨ ਮੀਨੂੰ ਵਿਚੋਂ Insert Table ਆਪਸ਼ਨ ਉਪਰ ਕਲਿੱਕ ਕਰੋ।


3. Insert Table ਡਾਇਲਾਗ ਬਾਕਸ ਨਜ਼ਰ ਆਵੇਗਾ।
4. ਜਰੂਰਤ ਅਨੁਸਾਰ ਕਾਲਮਜ਼ ਅਤੇ ਰੋਅਜ਼ ਦੀ ਗਿਣਤੀ ਦਾਖਲ ਕਰੋ।
5. OK ਬਟਨ ਉਪ ਕਲਿੱਕ ਕਰੋ।




**ਪ੍ਰ:2 Layout ਟੈਬ ਦੇ Properties ਬਟਨ ਦਾ ਵਰਨਣ ਕਰੋ।**

ਉ: ਜਦੋਂ ਅਸੀਂ ਵਰਡ ਡਾਕੂਮੈਂਟ ਵਿਚ ਕਿਸੇ ਟੇਬਲ ਉਪਰ ਕਲਿੱਕ ਕਰਦੇ ਹਾਂ ਤਾਂ ਸਾਨੂੰ ਟੇਬਲ ਨਾਲ ਸੰਬੰਧਤ Layout1 ਟੈਬ ਦਿਖਾਈ ਦੇਵੇਗਾ। ਇਬ ਟੈਬ ਰੀਬਨ ਦੇ ਖੱਬੇ ਪਾਸੇ Table ਗਰੁੱਪ ਵਿਚ Properties ਬਟਨ ਮੌਜੂਦ ਹੁੰਦਾ ਹੈ ਜਿਸ ਨਾਲ ਟੇਬਲ ਦੀਆਂ ਪ੍ਰਾਪਰਟੀਜ਼ ਨਾਲ ਸੰਬੰਧਤ ਡਾਇਲਾਗ ਬਾਕਸ ਖੁੱਲ ਜਾਂਦਾ ਹੈ। ਇਸ ਡਾਇਲਾਗ ਬਾਕਸ ਨਾਲ ਅਸੀਂ ਟੇਬਲਜ਼ ਉਪਰ ਹੇਠ ਲਿਖੇ ਮੁੱਖ ਕੰਮ ਕਰ ਸਕਦੇ ਹਾਂ:

- ਟੇਬਲ ਦੀ ਅਲਾਈਨਮੈਂਟ ਸੈਟ ਕਰ ਸਕਦੇ ਹਾਂ।
- ਟੇਬਲ ਦੀਆਂ ਰੋਅਜ਼ ਦੀ ਉਚਾਈ ਬਦਲ ਸਕਦੇ ਹਾਂ।
- ਟੇਬਲ ਦੇ ਕਾਲਮਜ਼ ਦੀ ਚੌੜਾਈ ਬਦਲ ਸਦਕੇ ਹਾਂ।
- ਸੈੱਲਾਂ ਦਾ ਆਕਾਰ ਆਦਿ ਬਦਲ ਸਕਦੇ ਹਾਂ।




## ਪਾਠ 7
## ਮਲਟੀਮੀਡੀਆ ਨਾਲ ਜਾਣ ਪਛਾਣ

**ਪ੍ਰਸ਼ਨ:1 ਬਹੁਮੰਦੀ ਪ੍ਰਸ਼ਨ:**

1. ਮਲਟੀਮੀਡੀਆ ਸ਼ਬਦ ਦੋ ਸ਼ਬਦਾਂ ਦਾ ਸੁਮੇਲ ਹੈ ਇਹ ਹਨ _______ ਅਤੇ _________

ੳ. ਤਸਵੀਰਾਂ, ਆਵਾਜਾਂ  ਅ. ਆਡੀਓ, ਵੀਡੀਓ  ੲ. ਮਲਟੀ, ਮੀਡੀਆ  ਸ. ਹਾਰਡਵੇਅਰ, ਸਾਫਟਵੇਅਰ

2. ਐਨੀਮੇਸ਼ਨ ਦੋ ਤਰ੍ਹਾਂ ਦੀ ਹੁੰਦੀ ਹੈ, ਇਹ ਹਨ ______ ਅਤੇ _________

ੳ. ਐਨਾਲਾਗ, ਡੀਜ਼ੀਟਲ  ਅ. ਸਟੈਟਿਕ, ਹਾਇਪਰ  ੲ. ਰਾਸਟਰ, ਬਿੱਟਮੈਪ  ਸ. ਪਾਥ, ਫਰੇਮ

3. ਮਲਟੀਮੀਡੀਆ ਲਈ ___________ ਅਤੇ ____________ ਜਰੂਰਤਾਂ ਹੁੰਦੀਆਂ ਹਨ।

ੳ. ਤਸਵੀਰਾਂ, ਆਵਾਜਾਂ  ਅ. ਐਨਾਲਾਗ, ਡੀਜ਼ੀਟਲ  ੲ. ਹਾਰਡਵੇਅਰ, ਸਾਫਟਵੇਅਰ  ਸ. ਮਲਟੀ, ਮੀਡੀਆ

4. ਇਨਪੁੱਟ ਯੰਤਰਾਂ ਵਿਚ ________ ਅਤੇ ___________ ਸ਼ਾਮਿਲ ਹੁੰਦੇ ਹਨ।

ੳ. ਮਾਨੀਟਰ, ਪ੍ਰਿੰਟਰ  ਅ. ਰੈਮ, ਹਾਰਡ ਡਿਸਕ  ੲ. ਕੀਅਬੋਰਡ, ਮਾਊਸ  ਸ. ਹਾਰਡਵੇਅਰ, ਸਾਫਟਵੇਅਰ

5. ਮਲਟੀਮੀਡੀਆ ਵਿਚ ਟੈਕਸਟ _________ ਅਤੇ __________ ਹੁੰਦਾ ਹੈ।

ੳ. ਐਨਾਲਾਗ, ਡੀਜ਼ੀਟਲ  ਅ. ਰਾਸਟਰ, ਬਿੱਟਮੈਪ  ੲ. ਸਟੈਟਿਕ, ਹਾਈਪਰ  ਸ. ਪਾਥ, ਫਰੇਮ

**ਪ੍ਰਸ਼ਨ:2 ਖਾਲੀ ਥਾਵਾਂ ਭਰੋ।**

1. ਵੀਡੀਓ ਨੂੰ ___________ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ?
2. ਟੈਕਸਟ ਦੀਆਂ ______________ ਕਿਸਮਾਂ ਹੁੰਦੀਆਂ ਹਨ?
3. ਪਾਥ ਅਤੇ ਫਰੇਮ ______________ ਦੀਆਂ ਕਿਸਮਾਂ ਹੁੰਦੀਆਂ ਹਨ।
4. PNG ਦਾ ਪੂਰਾ ਨਾਂ ________________ ਹੈ।

ਉੱਤਰ: I. ਦੋ  II. ਦੋ  III. ਐਨੀਮੇਸ਼ਨ  IV. ਪੋਰਟੇਬਲ ਨੈਟਵਰਕ ਗਰਾਫਿਕਸ

**ਪ੍ਰਸ਼ਨ:3 ਛੋਟੇ ਉਤਰਾਂ ਵਾਲੇ ਪ੍ਰਸ਼ਨ।**

**ਪ੍ਰ:1 ਐਨੀਮੇਸ਼ਨ ਕੀ ਹੁੰਦੀ ਹੈ?**

ਉ: ਐਨੀਮੇਸ਼ਨ ਮਲਟੀਮੀਡੀਆ ਦਾ ਇਕ ਮਹੱਤਵਪੂਰਣ ਭਾਗ ਹੈ। ਇਸ ਵਿਚ ਸਥਿਰ ਤਸਵੀਰਾਂ ਜਾਂ ਟੈਕਸਟ ਨੂੰ ਹਿੱਲਜੁੱਲ ਕਰਦਿਆਂ ਦਿਖਾਇਆ ਜਾ ਸਕਦਾ ਹੈ। ਮੁੱਖ ਤੋਰ ਤੇ ਐਨੀਮੇਸ਼ਨ ਦੋ ਤਰ੍ਹਾਂ ਦੀ ਹੁੰਦੀ ਹੈ – ਪਾਥ ਐਨੀਮੇਸ਼ਨ ਅਤੇ ਫਰੇਮ ਐਨੀਮੇਸ਼ਨ। ਪਾਵਰਪੁਆਇੰਟ ਅਤੇ ਫਲੈਸ਼ (Flash) ਆਮ ਵਰਤੇ ਜਾਣ ਵਾਲੇ ਐਨੀਮੇਸ਼ਨ ਸਾਫਟਵੇਅਰਾਂ ਦੀਆਂ ਉਦਾਹਰਣਾਂ ਹਨ।

**ਪ੍ਰ:2 ਵੀਡੀਓ ਕੀ ਹੁੰਦੀ ਹੈ?**

ਉ: ਵੀਡੀਓ ਮਲਟੀਮੀਡਆ ਦਾ ਇਕ ਮਹੱਤਵਪੂਰਣ ਭਾਗ ਹੈ। ਮਲਟੀਮੀਡੀਆ ਵਿਚ ਵੀਡੀਓ ਦੀ ਵਰਤੋਂ ਕਿਸੇ ਸੂਚਨਾ ਨੂੰ ਵਧੀਆ ਤਰੀਕੇ ਨਾਲ ਪੇਸ਼ ਕਰਨ ਲਈ ਕੀਤੀ ਜਾਂਦੀ ਹੈ। ਵੀਡੀਓ ਵਿਚ ਗਤੀਮਾਨ ਤਸਵੀਰਾਂ ਦੇ ਨਾਲ ਨਾਲ ਆਵਾਜ਼ ਨੂੰ ਵੀ ਚਲਾਇਆ ਜਾ ਸਕਦਾ ਹੈ। ਆਮ ਤੌਰ ਤੇ ਵੀਡੀਓਜ਼ ਦੋ ਕਿਸਮਾਂ ਦੀਆਂ ਹੁੰਦੀਆਂ ਹਨ: ਐਨਾਲਾਗ ਅਤੇ ਡਿਜ਼ਿਟਲ ਵੀਡੀਓਜ਼।

**ਪ੍ਰ:3 ਮਲਟੀਮੀਡੀਆ ਕਾਨਫਰੈਂਸਿੰਗ ਕੀ ਹੁੰਦੀ ਹੈ?**


ਉ: ਮਲਟੀਮੀਡੀਆ ਕਾਨਫਰੈਂਸਿੰਗ ਨੂੰ ਵੀਡੀਓ ਕਾਨਫਰੈਂਸਿੰਗ ਵੀ ਕਿਹਾ ਜਾਂਦਾ ਹੈ। ਇਹ ਮਲਟੀਮੀਡੀਆ ਦਾ ਇਕ ਮਹੱਤਵਪੂਰਨ ਵਰਤੋਂ ਖੇਤਰ ਹੈ। ਇਸਦੀ ਵਰਤੋਂ ਨਾਲ ਅਸੀਂ ਦੂਰ-ਦੁਰਾਡੇ ਬੈਠੇ ਵਿਅਕਤੀਆਂ ਨਾਲ ਫੇਸ-ਟੂ-ਫੇਸ (Face-to-Face) ਗੱਲ-ਬਾਤ ਕਰ ਸਕਦੇ ਹਾਂ।

**ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਮਲਟੀਮੀਡੀਆ ਤੋਂ ਕੀ ਭਾਵ ਹੈ? ਮਲਟੀਮੀਡੀਆ ਦੇ ਭਾਗਾਂ ਬਾਰੇ ਲਿਖੋ।**

ਉ: ਮਲਟੀਮੀਡੀਆ ਸ਼ਬਦ ਦੋ ਸ਼ਬਦਾਂ ਮਲਟੀ ਅਤੇ ਮੀਡੀਆ ਤੋਂ ਮਿਲ ਕੇ ਬਣਿਆ ਹੈ। ਮਲਟੀ ਤੋਂ ਭਾਵ ਹੈ ਦੋ ਜਾਂ ਦੋ ਤੋਂ ਵੱਧ ਅਤੇ ਮੀਡੀਆ ਤੋਂ ਭਾਵ ਹੈ ਮਾਧਿਅਮ। ਇਸ ਤਰ੍ਹਾਂ ਮਲਟੀਮੀਡੀਆ ਇਕ ਅਜਿਹੀ ਤਕਨੀਕ ਹੈ ਜਿਸ ਵਿਚ ਕਈ ਤਰ੍ਹਾਂ ਦੇ ਮਧਿਅਮਾਂ ਦੀ ਵਰਤੋਂ ਕਰਕੇ ਸੂਚਨਾ ਦਾ ਪ੍ਰਸਾਰ ਕੀਤਾ ਜਾਂਦਾ ਹੈ। ਮਲਟੀਮੀਡੀਆ ਦੇ ਭਾਗਾਂ ਦੇ ਨਾਂ ਹੇਠ ਲਿਖੇ ਹਨ:

- ਟੈਕਸਟ: ਲਿਖਤੀ ਸੂਚਨਾ ਨੂੰ ਟੈਕਸਟ ਕਿਹਾ ਜਾਂਦਾ ਹੈ।
- ਸਾਊਂਡ: ਇਹ ਆਵਾਜ਼ ਹੁੰਦੀ ਹੈ ਜੋ ਕਿਸੇ ਵਿਚਾਰ ਨੂੰ ਸਪਸ਼ਟਤਾ ਨਾਲ ਸਮਝਾਉਣ ਵਿਚ ਮਦਦ ਕਰਦੀ ਹੈ।
- ਐਨੀਮੇਸ਼ਨ: ਇਹ ਸਥਿਰ ਤਸਵੀਰਾਂ ਜਾਂ ਟੈਕਸਟ ਵਿਚ ਹਿਲਜੁੱਲ ਦਾ ਪ੍ਰਭਾਵ ਲਾਗੂ ਕਰਦੀ ਹੈ।
- ਤਸਵੀਰਾਂ: ਤਸਵੀਰਾਂ ਮਲਟੀਮੀਡੀਆ ਦਾ ਜ਼ਰੂਰੀ ਭਾਗ ਹਨ।
- ਵੀਡੀਓ: ਵੀਡੀਓ ਵਿਚ ਗਤੀਮਾਨ ਕਰਦੀਆਂ ਤਸਵੀਰਾਂ ਦੇ ਨਾਲ ਨਾਲ ਆਵਾਜ਼ ਵੀ ਹੁੰਦੀ ਹੈ।




ਚਿੱਤਰ: ਮਲਟੀਮੀਡੀਆ ਦੇ ਭਾਗਾਂ ਦੇ ਨਾਂ

**ਪ੍ਰ:2 ਮਲਟੀਮੀਡੀਆ ਲਈ ਕੀ ਜ਼ਰੂਰਤਾਂ ਹਨ?**

ਉ: ਮਲਟੀਮੀਡੀਆ ਲਈ ਮੁਢਲੀਆਂ ਜ਼ਰੂਰਤਾਂ ਹਾਰਡਵੇਅਰ ਅਤੇ ਸਾਫਟਵੇਅਰ ਹਨ। ਇਹ ਹੇਠ ਲਿਖੇ ਅਨੁਸਾਰ ਹਨ:

ਹਾਰਡਵੇਅਰ ਜ਼ਰੂਰਤਾਂ:

1. ਇਨਪੁੱਟ ਯੰਤਰ
2. ਆਊਟਪੁੱਟ ਯੰਤਰ
3. ਸਟੋਰੇਜ਼ ਯੰਤਰ

ਸਾਫਟਵੇਅਰ ਜ਼ਰੂਰਤਾਂ:

ਇਹਨਾਂ ਦੀ ਵਰਤੋਂ ਮਲਟੀਮੀਡੀਆ ਦੇ ਤੱਤਾਂ ਵਿਚ ਬਦਲਾਵ ਅਤੇ ਪ੍ਰਬੰਧਿਤ ਕਰਨ ਲਈ ਕੀਤੀ ਜਾਂਦੀ ਹੈ। ਉਦਾਹਰਣ ਲਈ: ਅਡੋਬ ਡਾਇਰੈਕਟਰ, ਮੀਡੀਆ ਬਲੈਂਡਰ, ਮਲਟੀਮੀਡੀਆ ਬਿਲਡਰ ਆਦਿ।

**ਪ੍ਰ:3 ਮਲਟੀਮੀਡੀਆ ਪ੍ਰੈਜ਼ਨਟੇਸ਼ਨ ਕੀ ਹੈ? ਇਸਨੂੰ ਬਨਾਉਣ ਲਈ ਕਿਹੜੀਆਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?**

ਉ: ਮਲਟੀਮੀਡੀਆ ਪ੍ਰੈਜ਼ਨਟੇਸ਼ਨ ਦੀ ਵਰਤੋਂ ਕਰਦੇ ਹੋਏ ਕਿਸੇ ਵਿਸ਼ੇ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕੀਤਾ ਜਾਂ ਸਕਦਾ ਹੈ। ਮਲਟੀਮੀਡੀਆ ਪ੍ਰੈਜ਼ਨਟੇਸ਼ਨ ਦੇ ਮੁੱਖ ਭਾਗਾਂ-ਟੈਕਸਟ, ਸਾਊਂਡ, ਵੀਡੀਓ, ਐਨੀਮੇਸ਼ਨ ਅਤੇ ਤਸਵੀਰਾਂ ਆਦਿ ਹੁੰਦੇ ਹਨ:

ਮਲਟੀਮੀਡੀਆ ਪ੍ਰੈਜ਼ੈਂਟੇਸ਼ਨ ਬਨਾਉਣ ਲਈ ਧਿਆਨ ਰੱਖਣਯੋਗ ਗੱਲਾਂ:

1. ਇਸ ਵਿਚ ਟੈਕਸਟ ਘੱਟ ਤੋਂ ਘੱਟ ਰੱਖਣਾ ਚਾਹੀਦਾ ਹੈ।
2. ਆਵਾਜ਼ ਦੀ ਕੁਆਲਿਟੀ ਵਧੀਆ ਹੋਣੀ ਚਾਹੀਦੀ ਹੈ।
3. ਯੂਜ਼ਰ ਨੂੰ ਕੀਅ-ਬੋਰਡ ਅਤੇ ਮਾਊਸ ਵਰਤਣ ਦੀ ਸਹੂਲਤ ਹੋਣੀ ਚਾਹੀਦੀ ਹੈ।
4. ਇਸਦਾ ਆਕਾਰ ਛੋਟਾ ਹੋਣਾ ਚਾਹੀਦਾ ਹੈ।

**ਪ੍ਰ:4 ਮਲਟੀਮੀਡੀਆ ਦੇ ਵਰਤੋਂ ਖੇਤਰਾਂ ਬਾਰੇ ਲਿਖੋ।**

ਉ: ਮਲਟੀਮੀਡੀਆ ਦੀ ਵਰਤੋਂ ਬਹੁਤ ਸਾਰੇ ਖੇਤਰਾਂ ਵਿਚ ਕੀਤੀ ਜਾਂਦੀ ਹੈ। ਕੁੱਝ ਮਹੱਤਵਪੂਰਨ ਖੇਤਰ ਇਸ ਪ੍ਰਕਾਰ ਹਨ:

1. ਮਲਟੀਮੀਡੀਆ ਦੀ ਵਰਤੋਂ ਸਿੱਖਿਆ ਦੇ ਖੇਤਰ ਵਿਚ ਕੀਤੀ ਜਾਂਦੀ ਹੈ।
2. ਮੈਡੀਕਲ ਸਾਇੰਸ ਵਿਚ ਮਨੁੱਖੀ ਸ਼ਰੀਰ ਦੇ ਮਾਡਲ ਬਨਾਉਣ ਲਈ ਮਲਟੀਮੀਡੀਆ ਦੀ ਵਰਤੋਂ ਕੀਤੀ ਜਾਂਦੀ ਹੈ।
3. ਮਨੋਰੰਜਨ ਦੇ ਖੇਤਰ ਵਿਚ ਮਲਟੀਮੀਡੀਆ ਦੀ ਵਰਤੋਂ ਕੀਤੀ ਜਾਂਦੀ ਹੈ।
4. ਰੇਲਵੇ ਸਟੇਸ਼ਨਾਂ, ਬੈਂਕਾਂ ਆਦਿ ਵਿਚ ਗ੍ਰਾਹਕਾਂ ਨੂੰ ਸੂਚਨਾ ਦੇਣ ਲਈ ਇਸਦੀ ਵਰਤੋਂ ਕੀਤੀ ਜਾਂਦੀ ਹੈ।
5. ਦੂਰ-ਦੁਰਾਡੇ ਬੈਠੇ ਵਿਅਕਤੀਆਂ ਨਾਲ ਫੇਸ ਟੂ ਫੇਸ (Face to Face) ਗੱਲਬਾਤ ਕਰਨ ਲਈ ਇਸਦੀ ਵਰਤੋਂ ਕੀਤੀ ਜਾਂਦੀ ਹੈ।



(Please Visit http://cspunjab.nirmancampus.co.in for more computer science contents)

ਪਾਠ-8

## ਸਟੋਰੇਜ਼ ਡਿਵਾਇਸਿਜ਼

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

**1. ਪ੍ਰਾਈਮਰੀ ਮੈਮਰੀ ਨੂੰ _______ ਵੀ ਕਿਹਾ ਜਾਂਦਾ ਹੈ?**

ੳ. ਇੰਟਰਨਲ ਮੈਮਰੀ  ਅ. ਐਕਸਟਰਨਲ ਮੈਮਰੀ  ੲ. ਫਿਜ਼ਿਕਲ ਮੈਮਰੀ  ਸ. ਐਗਜ਼ੁਲਰੀ ਮੈਮਰੀ

**2. _______ ਮੈਮਰੀ ਰੀਡ ਓਨਲੀ ਮੈਮਰੀ ਨਹੀਂ ਹੁੰਦੀ।**

ੳ. ROM  ਅ. PROM  ੲ. EPROM  ਸ. RAM

**3. ___________ ਇਕ ਪੋਰਟੇਬਲ ਸਟੋਰੇਜ਼ ਡਿਵਾਈਸ ਨਹੀਂ ਹੈ।**

ੳ. ਐਕਸਟਰਨਲ ਹਾਰਡ ਡੀਸਕ  ਅ. ਪੈਨ ਡਰਾਈਵ  ੲ. ਹਾਰਡ ਡੀਸਕ ਡਰਾਈਵ  ਸ. ਮੈਮਰੀ ਕਾਰਡ

**4. ਮੈਮਰੀ ਦੇ ਛੋਟੇ_ਛੋਟੇ ਭਾਗਾਂ ਨੂੰ __________ ਕਿਹਾ ਜਾਂਦਾ ਹੈ।**

ੳ. ਸੈਲ  ਅ. ਏਰੀਆ  ੲ. ਇੰਟਰਸੈਕਸ਼ਨ  ਸ. ਕੋਈ ਨਹੀਂ

**5. USB ਦਾ ਮਤਲਬ ____________ ਹੈ।**

ੳ. ਯੁਨੀਫਾਰਮ ਸਰਵਿਸ ਬੁੱਕ  ਅ. ਯੁਨੀਵਰਸਲ ਸੀਰੀਅਲ ਬੱਸ

ੲ. ਯੁਨੀਵਰਸਲ ਸਟ੍ਰੇਟ ਬਸ  ਸ. ਯੁਨੀਫਾਰਮ ਸੀਰੀਅਲ ਬਸ

**ਪ੍ਰਸ਼ਨ:2 ਖਾਲੀ ਥਾਵਾਂ ਭਰੋ।**

1 ਫਲੌਪੀ ਡਿਸਕ ਦੀ ਸਟੋਰੇਜ਼ ਸਮਰੱਥਾ __________ ਹੁੰਦੀ ਹੈ।

2. ਕੰਪੈਕਟ ਡਿਸਕ (CD) ਦੀ ਸਟੋਰੇਜ਼ ਸਮਰੱਥਾ ______________ ਹੁੰਦੀ ਹੈ।

3. ਹਾਰਡ ਡਿਸਕ ਦੀ ਸਟੋਰੇਜ਼ ਸਮਰੱਥਾ ਮਾਪਣ ਲਈ ਆਮ ਤੌਰ ਤੇ __________ ਮੈਮਰੀ ਇਕਾਈ ਵਰਤੀ ਜਾਂਦੀ ਹੈ।

4. ROM ਦਾ ਪੂਰਾ ਨਾਂ _____________ ਹੈ।

5. ਪੈੱਨ ਡਰਾਇਵ ਨੂੰ ਕੰਪਿਊਟਰ ਸਿਸਟਮ ਦੇ _________ ਪੋਰਟ ਨਾਲ ਅਟੈਚ ਕੀਤਾ ਜਾਂਦਾ ਹੈ?


ਉੱਤਰ: 1. 1.44 MB  2. 700 MB  3. ਗੀਗਾਬਾਈਟ (GB)  4. ਰੀਡ ਓਨਲੀ ਮੈਮਰੀ  5.USB

**ਪ੍ਰਸ਼ਨ:3 ਛੋਟੇ ਉੱਤਰਾਂ ਵਾਲੇ ਪ੍ਰਸ਼ਨ।**

**ਪ੍ਰ:1 ਮੈਮਰੀ ਕੀ ਹੈ? ਮੈਮਰੀ ਦੀਆਂ ਦੋ ਮੁੱਖ ਸ਼੍ਰੇਣੀਆਂ ਦੇ ਨਾਂ ਲਿਖੋ।**

ੳ: ਕੋਈ ਵੀ ਮਾਧਿਅਮ ਜਿਸ ਵਿਚ ਡਾਟਾ ਸਟੋਰ ਕਰਕੇ ਰੱਖਣ ਦੀ ਸਮਰੱਥਾ ਹੋਵੇ, ਨੂੰ ਮੈਮਰੀ ਕਿਹਾ ਜਾਂਦਾ ਹੈ। ਮੈਮਰੀ ਬਹੁਤ ਸਾਰੇ ਛੋਟੇ - ਛੋਟੇ ਹਿੱਸਿਆਂ ਵਿਚ ਵੰਡੀ ਹੁੰਦੀ ਹੈ, ਜਿਨ੍ਹਾਂ ਨੂੰ ਸੈਲ ਕਿਹਾ ਜਾਂਦਾ ਹੈ। ਮੈਮਰੀ ਦੀ ਵਰਤੋਂ ਡਾਟਾ ਅਤੇ ਹਦਾਇਤਾਂ ਨੂੰ ਸਟੋਰ ਕਰਨ ਲਈ ਕੀਤੀ ਜਾਂਦੀ ਹੈ। ਮੈਮਰੀ ਦੀਆਂ ਦੋ ਮੁੱਖ ਸ਼੍ਰੇਣੀਆਂ ਇਹ ਹੁੰਦੀਆਂ ਹਨ:

1. ਪ੍ਰਾਈਮਰੀ ਮੈਮਰੀ
2. ਸੈਕੰਡਰੀ ਮੈਮਰੀ




**ਪ੍ਰ:2 ਕੋਈ ਚਾਰ ਸੈਕੰਡਰੀ ਮੈਮਰੀਜ਼ ਦੇ ਨਾਂ ਲਿਖੋ।**

ੳ: ਸੈਕੰਡਰੀ ਮੈਮਰੀਜ਼ ਦੇ ਨਾਂ ਹੇਠ ਲਿਖੇ ਹਨ:

1. ਹਾਰਡ ਡਿਸਕ
2. ਐਕਸਟਰਨਲ ਹਾਰਡ ਡਿਸਕ
3. ਫਲਾਪੀ ਡਿਸਕ
4. ਮੈਗਨੇਟਿਕ ਟੇਪ
5. ਕੰਪੈਕਟ ਡਿਸਕ (CD)
6. ਡਿਜ਼ੀਟਲ ਵਿਡੀਓ ਡਿਸਕ (DVD)
7. ਪੈੱਨ ਡਰਾਈਵ
8. ਮੈਮਰੀ ਕਾਰਡ




**ਪ੍ਰ:3 ਮੈਮਰੀ ਕਾਰਡ ਕੀ ਹੁੰਦਾ ਹੈ?**

ੳ: ਮੈਮਰੀ ਕਾਰਡ ਪੋਰਟੇਬਲ ਸੈਕੰਡਰੀ ਮੈਮਰੀ ਹੈ। ਇਸਨੂੰ ਫਲੈਸ਼ ਮੈਮਰੀ ਕਾਰਡ ਵੀ ਕਿਹਾ ਜਾਂਦਾ ਹੈ। ਇਹ ਕਾਰਡ ਆਮ ਤੋਰ ਤੇ ਮੋਬਾਈਲਾਂ, ਡਿਜ਼ੀਟਲ ਕੈਮਰਿਆਂ, MP3 ਪਲੇਅਰਾਂ ਆਦਿ ਵਿਚ ਵਰਤੇ ਜਾਂਦੇ ਹਨ। ਮੈਮਰੀ ਕਾਰਡਾਂ ਵਿਚ ਆਮ ਤੌਰ ਤੇ ਤਸਵੀਰਾਂ, ਫ਼ਿਲਮਾਂ, ਗਾਣੇ ਅਤੇ ਹੋਰ ਡਾਟਾ ਸਟੋਰ ਕੀਤਾ ਜਾਂਦਾ ਹੈ।




**ਪ੍ਰ:4 ਪੈਨ ਡਰਾਇਵ ਉਪਰ ਨੋਟ ਲਿਖੋ**

ੳ: ਪੈੱਨ ਡਰਾਈਵ ਪੋਰਟੇਬਲ ਸੈਕੰਡਰੀ ਮੈਮਰੀ ਹੈ। ਇਹ USB ਅਧਾਰਿਤ ਮੈਮਰੀ-ਡਿਵਾਈਸ ਹੁੰਦਾ ਹੈ। ਇਸ ਦੀ ਵਰਤੋਂ ਡਾਟਾ ਨੂੰ ਇਕ ਕੰਪਿਊਟਰ ਤੋਂ ਦੂਸਰੇ ਕੰਪਿਊਟਰ ਤੇ ਟਰਾਂਸਫਰ ਕਰਨ ਲਈ ਕੀਤੀ ਜਾਂਦੀ ਹੈ। ਇਸ ਦਾ ਆਕਾਰ ਬਹੁਤ ਛੋਟਾ ਹੁੰਦਾ ਹੈ ਅਤੇ ਰਫਤਾਰ ਤੇਜ਼ ਹੁੰਦੀ ਹੈ। ਇਹਨਾਂ ਦੀ ਸਟੋਰੇਜ਼ ਸਮਰੱਥਾ ਵੀ ਵੱਧ ਹੁੰਦੀ ਹੈ।



## ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ

### ਪ੍ਰ:1 ਪ੍ਰਾਇਮਰੀ ਮੈਮਰੀ ਉਪਰ ਨੋਟ ਲਿਖੋ।

ਉ: ਪ੍ਰਾਇਮਰੀ ਮੈਮਰੀ ਨੂੰ ਮੇਨ ਮੈਮਰੀ ਜਾਂ ਅੰਦਰੂਨੀ ਮੈਮਰੀ ਵੀ ਕਿਹਾ ਜਾਂਦਾ ਹੈ। CPU ਦੀ ਇਸ ਮੈਮਰੀ ਤੱਕ ਸਿੱਧੀ ਪਹੁੰਚ ਹੁੰਦੀ ਹੈ। ਇਸ ਮੈਮਰੀ ਨੂੰ ਬਨਾਉਣ ਲਈ ਮਾਇਕਰੋ-ਕੰਡਕਟਰ ਵਰਤੇ ਜਾਂਦੇ ਹਨ ਜੋ ਕਿ ਬਹੁਤ ਤੇਜ਼ ਅਤੇ ਵਿਸ਼ੇਸ਼ ਕਿਸਮ ਦੇ ਇਲੈਕਟ੍ਰੌਨਿੱਕ ਸਰਕਟ ਹੁੰਦੇ ਹਨ। ਇਹਨਾਂ ਮੈਮਰੀਜ਼ ਨੂੰ ਸੈਮੀਕੰਡਕਟਰ ਮੈਮਰੀਜ਼ ਵੀ ਕਿਹਾ ਜਾਂਦਾ ਹੈ। ਇਹਨਾਂ ਮੈਮਰੀਜ਼ ਦੀ ਸਟੋਰੇਜ ਸਮਰੱਥਾ ਘੱਟ ਹੁੰਦੀ ਹੈ। ਪ੍ਰਾਈਮਰੀ ਮੈਮਰੀ ਦੋ ਕਿਸਮਾਂ ਦੀ ਹੁੰਦੀ ਹੈ:

1. **ਰੈਮ (RAM):** ਰੈਮ ਦਾ ਪੂਰਾ ਨਾਂ ਰੈਂਡਮ ਐਕਸੈਸ ਮੈਮਰੀ ਹੈ। ਇਹ ਮੈਮਰੀ ਸਿਰਫ ਉਹਨਾਂ ਡਾਟਾ ਅਤੇ ਹਦਾਇਤਾਂ ਨੂੰ ਸਟੋਰ ਕਰਦੀ ਹੈ ਜਿਨ੍ਹਾਂ ਉਪਰ ਕੰਪਿਊਟਰ ਕੰਮ ਕਰ ਰਿਹਾ ਹੁੰਦਾ ਹੈ।
2. **ਰੋਮ (ROM):** ਰੋਮ ਦਾ ਪੂਰਾ ਨਾਂ ਰੀਡ ਓਨਲੀ ਮੈਮਰੀ ਹੈ। ਇਸ ਮੈਮਰੀ ਵਿਚ ਕੰਪਿਊਟਰ ਨੂੰ ਸਟਾਰਟ ਕਰਨ ਵਾਲੀਆਂ ਹਦਾਇਤਾਂ ਨੂੰ ਸਟੋਰ ਕੀਤਾ ਜਾਂਦਾ ਹੈ।




### ਪ੍ਰ:2 HDD ਕੀ ਹੁੰਦੀ ਹੈ? ਵਰਨਣ ਕਰੋ।

ਉ: HDD ਦਾ ਪੂਰਾ ਨਾਂ ਹਾਰਡ ਡਿਸਕ ਡਰਾਈਵ ਹੈ। ਇਹ ਆਮ ਵਰਤੀ ਜਾਣ ਵਾਲੀ ਸੈਕੰਡਰੀ ਮੈਮਰੀ ਹੈ। ਇਸ ਮੈਮਰੀ ਵਿਚ ਸਟੋਰ ਡਾਟਾ ਕੰਪਿਊਟਰ ਬੰਦ ਹੋਣ ਤੋਂ ਬਾਅਦ ਵੀ ਸਟੋਰ ਰਹਿੰਦਾ ਹੈ। ਇਸਦੀ ਰਫਤਾਰ ਪ੍ਰਾਈਮਰੀ ਮੈਮਰੀ ਨਾਲੋਂ ਘੱਟ ਹੁੰਦੀ ਹੈ। ਹਾਰਡ ਡਿਸਕ ਵਿਚ ਇੱਕ ਜਾਂ ਇੱਕ ਤੋਂ ਵੱਧ ਧਾਤੂ ਦੀਆਂ ਪਲੇਟਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਪਲੈਟਰ ਕਿਹਾ ਜਾਂਦਾ ਹੈ। ਇਹਨਾਂ ਪਲੇਟਾਂ ਉਪਰ ਡਾਟਾ ਸਟੋਰ ਕਰਨ ਲਈ ਮੈਟਲ-ਆਕਸਾਈਡ ਦੀ ਪਰਤ ਚੜ੍ਹੀ ਹੁੰਦੀ ਹੈ। ਇਹ ਪਲੇਟਾਂ 5400 ਤੋਂ 7200 RPM (ਰੋਟੇਸ਼ਨ ਪਰ ਮਿੰਟ) ਦੀ ਰਫਤਾਰ ਨਾਲ ਘੁੰਮਦੀਆਂ ਹਨ। ਹਾਰਡ-ਡਿਸਕ ਵਿਚ ਡਾਟਾ ਨੂੰ ਸਟੋਰ ਕਰਨ ਦੀ ਸਮੱਰਥਾ ਕਾਫੀ ਜਿਆਦਾ ਹੁੰਦੀ ਹੈ। ਹਾਰਡ ਡਿਸਕ ਦੀ ਸਟੋਰੇਜ਼ ਸਮਰੱਥਾ ਆਮ ਤੋਰ ਤੇ ਗੀਗਾਬਾਈਟ (GB) ਵਿਚ ਮਾਪੀ ਜਾਂਦੀ ਹੈ।



### ਪ੍ਰ:3 ਸੈਕੰਡਰੀ ਮੈਮਰੀ ਕੀ ਹੁੰਦੀ ਹੈ? ਕਿਸੇ ਇਕ ਸੈਕੰਡਰੀ ਮੈਮਰੀ ਡਿਵਾਈਸ ਦਾ ਵਰਨਣ ਕਰੋ।


ਉ: ਸੈਕੰਡਰੀ ਮੈਮਰੀ ਨੂੰ ਐਕਸਟਰਨਲ ਮੈਮਰੀ, ਫਿਜਿਕਲ ਮੈਮਰੀ ਜਾਂ ਐਗਜ਼ੁਲਰੀ ਮੈਮਰੀ ਵੀ ਕਿਹਾ ਜਾਂਦਾ ਹੈ। ਇਸ ਮੈਮਰੀ ਵਿਚ ਸਟੋਰ ਡਾਟਾ ਕੰਪਿਊਟਰ ਬੰਦ ਹੋਣ ਤੋਂ ਬਾਅਦ ਵੀ ਸਟੋਰ ਰਹਿੰਦਾ ਹੈ। ਹਾਰਡ ਡਿਸਕ ਡਰਾਈਵ, ਆਪਟਿਕਲ ਸਟੋਰੇਜ ਡਿਸਕ, ਫਲਾਪੀ ਡਿਸਕ ਆਦਿ ਸੈਕੰਡਰੀ ਮੈਮਰੀ ਡਿਵਾਈਸਾਂ ਦੀਆਂ ਉਦਾਹਰਣਾਂ ਹਨ।

**ਹਾਰਡ-ਡਿਸਕ ਡਰਾਈਵ (HDD):** ਹਾਰਡ ਡਿਸਕ ਵਿਚ ਇੱਕ ਜਾਂ ਇੱਕ ਤੋਂ ਵੱਧ ਧਾਤੂ ਦੀਆਂ ਪਲੇਟਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਪਲੈਟਰ ਕਿਹਾ ਜਾਂਦਾ ਹੈ। ਇਹਨਾਂ ਪਲੇਟਾਂ ਉਪਰ ਡਾਟਾ ਸਟੋਰ ਕਰਨ ਲਈ ਮੈਟਲ-ਆਕਸਾਈਡ ਦੀ ਪਰਤ ਚੜ੍ਹੀ ਹੁੰਦੀ ਹੈ। ਇਹ ਪਲੇਟਾਂ 5400 ਤੋਂ 7200 RPM (ਰੋਟੇਸ਼ਨ ਪਰ ਮਿੰਟ) ਦੀ ਰਫਤਾਰ ਨਾਲ ਘੁੰਮਦੀਆਂ ਹਨ। ਹਾਰਡ-ਡਿਸਕ ਵਿਚ ਡਾਟਾ ਨੂੰ ਸਟੋਰ ਕਰਨ ਦੀ ਸਮੱਰਥਾ ਕਾਫੀ ਜਿਆਦਾ ਹੁੰਦੀ ਹੈ। ਹਾਰਡ ਡਿਸਕ ਦੀ ਸਟੋਰੇਜ਼ ਸਮਰੱਥਾ ਆਮ ਤੋਰ ਤੇ ਗੀਗਾਬਾਈਟ (GB) ਵਿਚ ਮਾਪੀ ਜਾਂਦੀ ਹੈ।

### ਪ੍ਰ:4 CD/DVD ਵਰਤਦੇ ਸਮੇਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਜਾਣਕਾਰੀ ਦਿਓ।

ਉ: CD/DVD ਵਰਤਦੇ ਸਮੇਂ ਹੇਠ ਲਿਖੀਆਂ ਸਾਵਧਾਨੀਆਂ ਵਰਤਨੀਆਂ ਚਾਹੀਦੀਆਂ ਹਨ:

1. CD/DVD ਨੂੰ ਕਵਰ ਵਿਚ ਸਾਂਭ ਕੇ ਰੱਖਣਾ ਚਾਹੀਦਾ ਹੈ।
2. CD/DVD ਦੇ ਚਮਕੀਲੇ ਪਾਸੇ ਨੂੰ ਛੂਹਣਾ ਨਹੀਂ ਚਾਹੀਦਾ।
3. CD/DVD ਦੇ ਚਮਕੀਲੇ ਪਾਸੇ ਪੈੱਨ ਜਾਂ ਪੈਨਸਲ ਨਾਲ ਨਹੀਂ ਲਿਖਣਾ ਚਾਹੀਦਾ।
4. CD/DVD ਨੂੰ ਮੋੜਨਾ ਨਹੀਂ ਚਾਹੀਦਾ।
5. CD/DVD ਨੂੰ ਸਾਫ ਕਰਨ ਲਈ ਨਰਮ ਕਪੜੇ ਦਾ ਇਸਤੇਮਾਲ ਕਰਨਾ ਚਾਹੀਦਾ ਹੈ।




### ਪ੍ਰ:5 ਐਕਸਟਰਨਲ ਹਾਰਡ ਡਿਸਕ ਡਰਾਈਵ ਕੀ ਹੈ? ਇਸਦੇ ਲਾਭ ਲਿਖੋ।

ਉ: ਐਕਸਟਰਨਲ ਹਾਰਡ ਡਿਸਕ ਸੈਕੰਡਰੀ ਮੈਮਰੀ ਹੁੰਦੀ ਹੈ। ਇਹ ਪੋਰਟੇਬਲ ਕਿਸਮ ਦੀ ਸੈਕੰਡਰੀ ਮੈਮਰੀ ਹੁੰਦੀ ਹੈ, ਜਿਸਨੂੰ ਆਸਾਨੀ ਨਾਲ ਇਕ ਥਾਂ ਤੋਂ ਦੂਜੀ ਥਾਂ ਲਿਜਾਇਆ ਜਾ ਸਕਦਾ ਹੈ। ਇਹ USB ਆਧਾਰਿਤ ਮੈਮਰੀ ਡਿਵਾਈਸ ਹੈ। ਇਸ ਦੀ ਸਟੋਰੇਜ਼ ਸਮਰੱਥਾ ਬਹੁਤ ਜਿਆਦਾ ਹੁੰਦੀ ਹੈ। ਇਸ ਦੀ ਵਰਤੋਂ ਆਮ ਤੌਰ ਤੇ ਡਾਟਾ ਦਾ ਬੈਕਅੱਪ ਲੈਣ ਲਈ ਕੀਤੀ ਜਾਂਦੀ ਹੈ। ਡਾਟਾ ਦਾ ਬੈਕਅੱਪ ਲੈਣ ਤੋਂ ਬਾਅਦ ਇਸਨੂੰ ਕੰਪਿਊਟਰ ਤੋਂ ਹਟਾ ਕੇ ਕਿਸੇ ਸੁਰੱਖਿਤ ਜਗ੍ਹਾ ਤੇ ਰੱਖਿਆ ਜਾ ਸਕਦਾ ਹੈ।

